

# ਲਿਖਤੁਮ ਗੁਰਿੰਦਰ ਸਿੰਘ

ਪ੍ਰੀਤ ਸਿੰਘ ਭੈਣੀ

www.PunjabiLibrary.com

ਸਾਇਕਲ ਦੀ ਘੰਟੀ ਦੀ ਆਵਾਜ਼ ਸੁਣ ਇੱਕ ਔਰਤ ਬਾਹਰ ਆਈ ਤੇ ਰਾਮ ਸਿੰਘ ਨੇ ਮਿਣ ਕੇ ਦੁੱਧ ਪਾ ਦਿੱਤਾ। ਔਰਤ ਨੇ ਦੁੱਧ ਪਵਾਇਆ ਤੇ ਬਿਨਾਂ ਕੁਝ ਦੱਸੇ-ਪੁੱਛੇ ਅੰਦਰ ਚਲੀ ਗਈ। ਉਸਨੇ ਆਪਣੀ ਦੁੱਧ ਵਾਲੀ ਡਿੱਗੀ ਦਾ ਮੂੰਹ ਬੰਦ ਕੀਤਾ ਤੇ ਸਾਇਕਲ ਤੇ ਸਵਾਰ ਹੋ ਅੱਗੇ ਵਧ ਗਿਆ। ਸ਼ਾਇਦ ਇਹ ਆਖਰੀ ਘਰ ਸੀ ਜਿੱਥੇ ਉਸਨੇ ਦੁੱਧ ਪਾਉਣਾ ਸੀ। ਉਸਨੇ ਬੜੀ ਕਾਹਲੀ ਨਾਲ ਪੈਂਡਲ ਮਾਰੇ ਤੇ ਕੁਝ ਵਕਤ ਵਿੱਚ ਹੀ ਘਰ ਅੱਪੜ ਗਿਆ। ਘਰ ਵੜਦਿਆਂ ਹੀ ਉਹ ਸਾਇਕਲ ਨੂੰ ਓਸੇ ਤਰਾਂ ਹੀ ਇੱਕ ਪਾਸੇ ਖੜਾ ਕਰ ਥੱਕਿਆ-ਟੁੱਟਿਆ ਧਰੇਕ ਦੀ ਛਾਵੇਂ ਪਏ ਮੰਜੇ ਤੇ ਜਾ ਬੈਠਾ। ਡੰਗਰਾਂ ਦੇ ਵਾੜੇ ਵਿੱਚ ਗੋਹਾ-ਕੂੜਾ ਕਰ ਰਹੀ ਬਸੰਤ ਕੌਰ ਆਪਣੇ ਘਰ ਵਾਲੇ ਨੂੰ ਦੇਖ ਆਪਣੀ ਕੁੜੀ ਨੂੰ ਆਵਾਜ਼ ਮਾਰੀ..

ਬਸੰਤ ਕੌਰ - ਰਾਜੀ.. ਪਾਣੀ ਲਿਆ ਪੁੱਤ ਆਪਣੇ ਬਾਪੂ ਲਈ..

ਰਾਜੀ ਨੇ ਸਬਾਤ ਵਿੱਚ ਪਏ ਬੋਰੀ ਨਾਲ ਲਵੇਟੇ ਘੜੇ 'ਚੋਂ ਪਾਣੀ ਦਾ ਗੜਵਾ ਭਰਿਆ ਤੇ ਇੱਕ ਗਿਲਾਸ ਲੈ ਆਪਣੇ ਬਾਪੂ ਕੋਲ ਆ ਪਾਣੀ ਦਾ ਗਿਲਾਸ ਭਰ ਰਾਮ ਸਿੰਘ ਨੂੰ ਫੜਾਇਆ। ਰਾਮ

ਸਿੰਘ ਦਾ ਮੁੜਕੇ ਨਾਲ ਭਿੱਜਿਆ ਕੁੜਤਾ ਦੇਖ ਰਾਜੀ ਤਰਸ ਦੀ ਭਾਵਨਾ ਸਹਿਤ ਬੋਲੀ..

ਰਾਜੀ - ਬਾਪੂ ਜੀ ਅੱਜ ਲੱਗਦਾ ਜਿਆਦਾ ਹੀ ਗਰਮੀ ਆ?

ਰਾਮ ਸਿੰਘ ਨੇ ਪਾਣੀ ਪੀਤਾ ਤੇ ਬੋਲਿਆ..

ਰਾਮ ਸਿੰਘ - ਗਰਮੀ ਤਾਂ ਪੁੱਤ ਰੋਜ਼ ਏਨੀ ਹੀ ਹੁੰਦੀ ਆ।

ਰਾਜੀ - ਹਾਂ ਪਰ ਬਾਪੂ ਜੀ, ਅੱਜ ਦੇਖੋ ਵੇਲਾ ਕੁਝ ਵੀ ਨੀ ਹੋਇਆ ਤੇ ਧੁੱਪ ਕਿੰਨੀ ਚੁਭਨ ਵੀ ਲੱਗ ਪਈ, ਪਾਣੀ ਪਾਵਾਂ ਬਾਪੂ ਜੀ ਹੋਰ?

ਰਾਮ ਸਿੰਘ - ਹਾਂ ਥੋੜਾ ਜਿਹਾ ਪਾ ਦੇ।

ਪਾਣੀ ਪੀ ਰਾਮ ਸਿੰਘ ਨੇ ਆਪਣੀ ਧੀ ਦੀ ਹੋਰ ਕਿਸੇ ਗੱਲ ਦਾ ਜੁਆਬ ਨਾ ਦਿੱਤਾ ਤੇ ਉੱਥੇ ਹੀ ਮੰਜੇ ਤੇ ਲੰਮਾ ਪੈ ਗਿਆ। ਰਾਜੀ ਨੇ ਸਾਇਕਲ ਨਾਲੋਂ ਦੁੱਧ ਵਾਲੇ ਬੰਨ੍ਹੇ ਭਾਂਡੇ ਖੋਲ੍ਹੇ ਤੇ ਸਬਾਤ ਵਿੱਚ ਲੈ ਗਈ। ਬਸੰਤ ਕੌਰ ਨੇ ਕੰਮ ਖਤਮ ਕੀਤਾ ਤੇ ਨਹਾ-ਧੋ ਰਾਮ ਸਿੰਘ ਦੇ ਕੋਲ ਆ ਬੈਠ ਗਈ। ਥੱਕੇ ਹੋਣ ਕਾਰਨ ਉਸਦੀ ਅੱਖ ਲੱਗ ਗਈ ਸੀ ਪਰ ਜਿਉਂ ਹੀ ਬਸੰਤ ਕੌਰ ਕੋਲ ਆ ਬੈਠੀ ਜਾਗ ਖੁੱਲ੍ਹ ਗਈ। ਰਾਮ ਸਿੰਘ ਬੋਲਿਆ..

ਰਾਮ ਸਿੰਘ - ਗੁਰਿੰਦਰ ਕਿੱਥੇ ਆ?

ਬਸੰਤ ਕੋਰ - ਪਾਣੀ ਦੀ ਵਾਰੀ ਆ ਅੱਜ ਆਪਣੀ। ਖੇਤਾਂ ਨੂੰ ਗਿਆ ਏ।

ਉਹਨਾਂ ਹੋਰ ਦੋ ਚਾਰ ਗੱਲਾਂ ਕੀਤੀਆਂ ਏਨੇ ਨੂੰ ਗੁਰਿੰਦਰ ਆ ਗਿਆ। ਮੋਢੇ ਤੇ ਕਹੀ, ਹੱਥ ਵਿੱਚ ਪਰਨਾ ਤੇ ਲੀੜੇ ਸਾਰੇ ਗਿੱਲੇ। ਪਤਾ ਨਹੀਂ ਸੀ ਕਿ ਮੁੜਕੇ ਨਾਲ ਭਿੱਜੇ ਨੇ ਜਾਂ ਪਾਣੀ ਨਾਲ। ਜਿੰਨੀ ਗਰਮੀ ਸੀ ਮੁੜਕੇ ਨਾਲ ਹੀ ਭਿੱਜੇ ਜਾਪਦੇ ਸਨ। ਕਹੀ ਰੱਖ ਸਿੱਧਾ ਹੀ ਆਪਣੇ ਮਾਂ-ਬਾਪੂ ਵੱਲ ਆਇਆ ਤੇ ਮੰਜੇ ਤੇ ਬੈਠਣ ਦੀ ਬਿਜਾਏ ਹੇਠਾਂ ਹੀ ਬੈਠ ਗਿਆ ਤੇ ਬੋਲਿਆ..

ਗੁਰਿੰਦਰ - ਬਾਪੂ ਜੀ ਅੱਜ ਫਿਰ ਕਰਮੇ ਹੁਣੀ ਪਾਣੀ ਤੋਂ ਬੜਾ ਤਾਂਹ-ਠਾਂਹ ਹੋਏ। ਦੋਵੇਂ ਪਿਉ ਪੁੱਤ ਮੇਰੇ ਗਲ ਪੈਣ ਤੱਕ ਗਏ।

ਰਾਮ ਸਿੰਘ - ਪਾਣੀ ਲਾਇਆ ਝੋਨੇ ਨੂੰ ਕਿ ਨਹੀਂ?

ਗੁਰਿੰਦਰ - ਹਾਂ ਪਾਣੀ ਤਾਂ ਲਾਇਆ ਪਰ ਸਮਾਂ ਬੜਾ ਖਰਾਬ ਕੀਤਾ ਉਹਨਾਂ ਨੇ। ਮੇਰਾ ਤੇ ਜੀਅ ਕਰਦਾ ਸੀ ਪਾਣੀ ਅੱਜ ਰਹਿਣਦਾ, ਇਹਨਾਂ ਪਿਉ ਪੁੱਤਾਂ ਨੂੰ ਬੰਦੇ ਬਣਾ ਲਵਾਂ ਅੱਜ।

ਬਸੰਤ ਕੌਰ - ਨਹੀਂ-ਨਹੀਂ ਪੁੱਤ ਆਪਾ ਐਵੇਂ ਲੜਾਈ ਨੂੰ ਨੀ ਵਧਾਉਣਾ। ਕੋਈ ਨੀ ਅਗਲੀ ਵਾਰੀ ਤੇਰਾ ਬਾਪੂ ਚਲਾ ਜਾਊ ਪਾਣੀ ਲਾਉਣ। ਤੇਰੇ ਬਾਪੂ ਤੋਂ ਝਿਜਕਦੇ ਨੇ।

ਗੁਰਿੰਦਰ - ਲੈ ਮਾਤਾ, ਮੈਨੂੰ ਕਿਹੜਾ ਡਰ ਮਾਰਿਆ ਉਹਨਾਂ ਦਾ।

ਰਾਮ ਸਿੰਘ - ਨਹੀਂ ਪੁੱਤ, ਮਾਂ ਤੇਰੀ ਠੀਕ ਕਹਿੰਦੀ ਏ। ਮੈਂ ਜਾਂਦਾ ਅਗਲੀ ਵਾਰੀ। ਮੇਰੇ ਸਾਹਮਣੇ ਨਹੀਂ ਕੁਸਕਦੇ ਉਹ।

ਬਸੰਤ ਕੌਰ - ਹਾਂਜੀ ਤੁਸੀਂ ਜਾਇਓ। ਤੂੰ ਪੁੱਤ ਮੰਜੇ ਤੇ ਬੈਠ। ਮੈਂ ਲੱਸੀ ਲੈ ਕੇ ਆਉਂਦੀ ਤੇਰੇ ਲਈ।

ਬਸੰਤ ਕੌਰ ਮੰਜੇ ਤੋਂ ਉੱਠੀ ਤੇ ਘਰ ਦੇ ਵਿਹੜੇ 'ਚੋਂ ਸਬਾਤ ਵੱਲ ਗਈ। ਗੁਰਿੰਦਰ ਹੇਠੋਂ ਉੱਠਿਆ ਤੇ ਮੰਜੇ ਦੀ ਪੈਂਦ ਵਾਲੇ ਪਾਸੇ ਬੈਠ ਗਿਆ। ਰਾਮ ਸਿੰਘ ਬੋਲਿਆ..

ਰਾਮ ਸਿੰਘ - ਹੁਣ ਕਿੱਦਣ ਵਾ ਆਪਣੀ ਵਾਰੀ?

ਗੁਰਿੰਦਰ - ਪਰਸੋਂ ਬਾਪੂ ਜੀ।

ਰਾਮ ਸਿੰਘ - ਅੱਛਾ। ਚੱਲ ਫਿਰ ਏਦਾਂ ਕਰੀ ਦੁੱਧ ਤੂੰ ਪਾ ਆਵੀਂ, ਮੈਂ ਪਾਣੀ ਦੇਖ ਲੂੰ। ਪਤਾ ਤਾਂ ਹੈਗਾ ਹੀ ਆ ਤੈਨੂੰ, ਕਿੱਥੋਂ ਦੁੱਧ ਲੈਣਾ ਤੇ ਕਿੰਨਾ ਦੇ ਪਾਉਣਾ।

ਗੁਰਿੰਦਰ - ਹਾਂਜੀ ਬਾਪੂ ਜੀ ਉਹ ਤਾਂ ਪਤਾ।

ਰਾਮ ਸਿੰਘ - ਹਾਂ ਇੱਕ-ਦੋ ਘਰ ਨਵੇਂ ਨੇ। ਇੱਕ ਆਪਣੇ ਪਿੰਡ ਹਰਨੇਕ ਫੌਜੀ ਕੇ ਘਰ ਦੁੱਧ ਪਾਉਣਾ ਤੇ ਲਾਗਲੇ ਪਿੰਡ ਵਾਲੇ ਅਜੀਤ ਸਰਪੰਚ ਹੁਣਾ ਦਿਉਂ ਲਿਆਓਣਾ। ਬਾਕੀ ਸਾਰੇ ਤੈਨੂੰ ਪਤਾ ਹੀ ਆ।

ਗੁਰਿੰਦਰ - ਠੀਕ ਆ। ਪਰ ਬਾਪੂ ਅਜੀਤ ਸਰਪੰਚ ਹੁਣਾ ਨੇ ਪਹਿਲਾਂ ਤਾਂ ਦੁੱਧ ਕਦੇ ਪਾਇਆ ਨੀ। ਕਿੰਨੀ ਵਾਰ ਪੁੱਛਿਆ ਸੀ ਤੁਸੀਂ ਉਹਨਾਂ ਨੂੰ। ਹੁਣ ਕਿੱਦਾਂ ਮੰਨ ਗਏ?

ਰਾਮ ਸਿੰਘ - ਪਤਾ ਨੀ ਪੁੱਤ ਇੱਕ ਦਿਨ ਮੈਂ ਲੰਘ ਰਿਹਾ ਸੀ। ਖਲ੍ਹਾਰ ਕੇ ਹਾਲ-ਚਾਲ ਪੁੱਛਣ ਲੱਗਾ। ਮੈਂ ਦੁੱਧ ਪਾਉਣ ਬਾਰੇ ਪੁੱਛਿਆ ਤਾਂ ਉਸ ਦਿਨ ਝੱਟ ਹਾਂ ਕਰ ਦਿੱਤੀ।

ਗੁਰਿੰਦਰ - ਚਲੋ ਚੰਗਾ ਹੋਇਆ।

ਬਸੰਤ ਕੌਰ ਲੱਸੀ ਲੈ ਆ ਗਈ। ਗਿਲਾਸ ਭਰ ਗੁਰਿੰਦਰ ਨੂੰ ਫੜਾਇਆ ਤੇ ਰਾਮ ਸਿੰਘ ਨੂੰ ਪੁੱਛਿਆ। ਪਰ ਰਾਮ ਸਿੰਘ ਨੇ ਲੱਸੀ ਪੀਣ ਤੋਂ ਮਨ੍ਹਾ ਕਰ ਦਿੱਤਾ ਤੇ ਕਿਹਾ ਕਿ ਰੋਟੀ ਨਾਲ ਪੀਵੇਗਾ। ਗੁਰਿੰਦਰ ਨੇ ਲੱਸੀ ਪੀਤੀ ਤੇ ਉਹਨਾਂ ਆਪਸ ਵਿੱਚ ਹੋਰ ਗੱਲਾਂ ਬਾਤਾਂ ਕੀਤੀਆਂ। ਰਾਜੀ ਵੀ ਉਹਨਾਂ ਕੋਲ ਆ ਗਈ ਤੇ ਕਦੇ ਨਾ ਮੁੱਕਣ ਵਾਲੀਆਂ ਗੱਲਾਂ ਸ਼ੁਰੂ ਹੋ ਗਈਆਂ। ਇਸ ਤਰਾਂ ਹੀ ਨਿੱਕੇ-ਮੋਟੇ ਕੰਮ ਕਰਦਿਆਂ ਦਿਨ ਲੰਘ ਗਿਆ ਤੇ ਰਾਤ ਵੀ ਗੁਜ਼ਰ ਗਈ। ਅਗਲੀ ਸਵੇਰ ਰਾਮ ਸਿੰਘ ਉੱਠਿਆ, ਬਸੰਤ ਕੌਰ ਨੇ ਚਾਹ ਬਣਾ ਦਿੱਤੀ ਤੇ ਉਹ ਦੁੱਧ ਪਾਉਣ ਚਲਾ ਗਿਆ। ਇਹ ਦਿਨ ਵੀ ਪਹਿਲਿਆਂ ਦਿਨਾਂ ਵਾਂਗ ਹੀ ਬੀਤਿਆ ਤੇ ਰਾਤ ਵੀ। ਅਗਲੇ ਦਿਨ ਪਾਣੀ ਦੀ ਵਾਰੀ ਸੀ। ਰਾਮ ਸਿੰਘ ਨੇ ਗੁਰਿੰਦਰ ਨੂੰ ਤੜਕੇ ਉਠਾਇਆ ਤੇ ਆਪ ਕਹੀ ਚੁੱਕ ਖੇਤਾਂ ਨੂੰ ਤੁਰ ਪਿਆ। ਗੁਰਿੰਦਰ ਨੇ ਮੂੰਹ ਹੱਥ ਧੋਤਾ ਤੇ ਚਾਹ-ਪਾਣੀ ਪੀ ਦੁੱਧ ਵਾਲੇ ਭਾਂਡਿਆਂ ਨੂੰ ਸਾਇਕਲ ਨਾਲ ਬੰਨ੍ਹ ਦੁੱਧ ਪਾਉਣ ਨੂੰ ਨਿਕਲ ਤੁਰਿਆ। ਉਹ ਜਾਣਦਾ ਸੀ। ਕਿੱਥੋਂ ਤੇ ਕਿਹੜੇ ਘਰੋਂ ਦੁੱਧ ਲੈਣਾ ਹੈ ਤੇ ਕਿਹੜੇ ਘਰ ਦੁੱਧ ਪਾਉਣਾ ਹੈ। ਇੱਕ-ਇੱਕ ਕਰ ਉਸਨੇ ਕਾਫੀ ਘਰ ਨਿਪਟਾ ਲਏ। ਅਜੇ ਕੁਝ ਹੋਰ ਘਰ ਦੁੱਧ ਪਾਉਣਾ ਸੀ। ਉਸ ਤੋਂ ਪਹਿਲਾਂ ਉਹ ਸਰਪੰਚ ਅਜੀਤ ਸਿੰਘ ਕੇ ਘਰ ਪਹੁੰਚ ਗਿਆ। ਸਰਪੰਚ

ਅਜੀਤ ਸਿੰਘ ਪਿੰਡ ਦਾ ਸਭ ਤੋਂ ਸਰਮਾਏਦਾਰ ਬੰਦਾ ਸੀ। ਪੈਲੀ ਬਹੁਤ ਸੀ ਤੇ ਡੰਗਰ ਵੀ ਖਾਸੇ ਸਨ। ਗੁਰਿੰਦਰ ਉਹਨਾਂ ਦਾ ਘਰ ਜਾਣਦਾ ਸੀ ਪਰ ਪਹਿਲਾਂ ਕਦੇ ਘਰ ਨਹੀਂ ਸੀ ਗਿਆ। ਘਰ ਦਾ ਮੁੱਖ ਦਰਵਾਜ਼ਾ ਵੱਡਾ ਸੀ ਤੇ ਇਕੱਲੇ ਬੰਦੇ ਦੇ ਲੰਘਣ ਲਈ ਬੂਹੇ ਨੂੰ ਢਾਈ-ਤਿੰਨ ਫੁੱਟੀ ਚੌੜੀ ਬਾਰੀ ਲਾਈ ਹੋਈ ਸੀ। ਗੁਰਿੰਦਰ ਨੇ ਬਾਹਰੋਂ ਹੀ ਆਵਾਜ਼ ਮਾਰੀ ਤੇ ਅੰਦਰੋਂ ਇੱਕ ਖ਼ੂਬਸੂਰਤ ਆਵਾਜ਼ ਆਈ..

"ਅੰਦਰ ਲੰਘ ਆਓ..."

ਗੁਰਿੰਦਰ ਸਾਇਕਲ ਨੂੰ ਬਾਹਰੇ ਖੜਾ ਕੀਤਾ ਤੇ ਇੱਕ ਵੱਡਾ ਭਾਂਡਾ ਸਾਇਕਲ ਨਾਲੋਂ ਲਾਹ ਘਰ ਅੰਦਰ ਆ ਗਿਆ। ਉਹ ਡਰਦਾ-ਡਰਦਾ ਏਧਰ-ਓਧਰ ਦੇਖਣ ਲੱਗਾ ਪਰ ਕੋਈ ਨਜ਼ਰ ਨਾ ਆਇਆ। ਫਿਰ ਉਸਦੀ ਨਜ਼ਰ ਇੱਕ ਕੁੜੀ ਤੇ ਪਈ। ਜੋ ਹੱਥ ਵਿੱਚ ਦੁੱਧ ਦੀ ਭਰੀ ਬਾਲਟੀ ਫੜ ਉਸ ਵੱਲ ਆ ਰਹੀ ਸੀ। ਉਸਨੇ ਗਲ ਨਿੱਕੀਆਂ ਬੂਟੀਆਂ ਵਾਲਾ ਸੂਟ ਤੇ ਚੁੰਨੀ ਨੂੰ ਲੱਕ ਨਾਲ ਬੰਨ੍ਹਿਆ ਹੋਇਆ ਸੀ। ਬੱਤਖ ਵਾਂਗ ਤੁਰਦੀ ਹੋਈ ਉਹ ਗੁਰਿੰਦਰ ਦੇ ਕੋਲ ਆ ਪਹੁੰਚੀ। ਗੁਰਿੰਦਰ ਨੇ ਡਿੱਗੀ ਦਾ ਢੱਕਣ ਖੋਲ੍ਹਿਆ ਤੇ ਹੇਠਾਂ ਰੱਖ ਦਿੱਤੀ। ਕੁੜੀ ਬਾਲਟੀ ਚੁੱਕ ਦੁੱਧ ਪਾਉਣ ਲੱਗੀ। ਗੁਰਿੰਦਰ ਦਾ ਧਿਆਨ ਦੁੱਧ ਵਿੱਚ ਨਾ ਹੁੰਦੇ ਉਸ ਦੇ ਮੱਥੇ ਤੋਂ ਲਟਕ ਰਹੀਆਂ

ਵਾਲਾਂ ਦੀਆਂ ਲਟਾਂ ਵੱਲ ਤੇ ਧੌਣ ਤੋਂ ਮੁੜਕੇ ਦੀ ਬੂੰਦ ਵੱਲ ਸੀ। ਜੋ ਹੌਲੀ-ਹੌਲੀ ਹੇਠਾਂ ਨੂੰ ਵੱਧ ਰਹੀ ਸੀ। ਉਸਦੇ ਹੱਥ ਆਟੇ ਨਾਲ ਲਿੱਬੜੇ ਹੋਏ ਸਨ ਜਿਸ ਤੋਂ ਪਤਾ ਲੱਗਦਾ ਸੀ ਕਿ ਉਹ ਆਟਾ ਗੁੰਨਦੀ ਹੀ ਕਾਹਲੀ ਵਿੱਚ ਦੁੱਧ ਪਾਉਣ ਆ ਗਈ ਹੋਵੇ। ਗੋਰਾ-ਚਿੱਟਾ ਦੁੱਧ ਵਰਗਾ ਰੰਗ ਗੁਰਿੰਦਰ ਨੂੰ ਉਸ ਵੱਲ ਦੇਖਣ ਲਈ ਮਜਬੂਰ ਕਰ ਰਿਹਾ ਸੀ। ਸੋਹਣਾ ਗੁਰਿੰਦਰ ਵੀ ਬਹੁਤ ਸੀ। ਪਰ ਕੁੜੀ ਦਾ ਧਿਆਨ ਸ਼ਾਇਦ ਗੁਰਿੰਦਰ ਵੱਲ ਨਹੀਂ ਦੁੱਧ ਵੱਲ ਤੇ ਘਰ ਦਿਆਂ ਕੰਮਾਂ ਵੱਲ ਵਧੇਰੇ ਸੀ। ਉਸਨੇ ਦੁੱਧ ਪਾਇਆ ਤੇ ਬਿਨਾਂ ਕੁਝ ਬੋਲੇ ਖਾਲੀ ਬਾਲਟੀ ਲੈ ਅੰਦਰ ਨੂੰ ਚਲੀ ਗਈ। ਗੁਰਿੰਦਰ ਅਜੇ ਵੀ ਉਸ ਵੱਲ ਦੇਖ ਰਿਹਾ ਸੀ। ਸ਼ਾਇਦ ਉਸਦਾ ਰੂਪ ਗੁਰਿੰਦਰ ਨੂੰ ਭਾਅ ਗਿਆ ਹੋਣਾ। ਦੁੱਧ ਵਾਲੀ ਡਿੱਗੀ ਚੁੱਕ ਗੁਰਿੰਦਰ ਬਾਹਰ ਵੱਲ ਨੂੰ ਹੋ ਤੁਰਿਆ। ਉਹ ਵਾਰ-ਵਾਰ ਪਿੱਛੇ ਨੂੰ ਮੁੜ ਕੁੜੀ ਵੱਲ ਦੇਖਣ ਦੀ ਕੋਸ਼ਿਸ਼ ਕਰਦਾ ਪਰ ਕੁੜੀ ਨਜ਼ਰ ਨਾ ਆਈ। ਜਦੋਂ ਗੁਰਿੰਦਰ ਦੁੱਧ ਲੈ ਉੱਥੋਂ ਨਿਕਲ ਗਿਆ ਤਾਂ ਕੁੜੀ ਬੜੀ ਕਾਹਲੀ ਨਾਲ ਅੰਦਰੋਂ ਬਾਹਰ ਨਿਕਲੀ। ਸ਼ਾਇਦ ਉਸ ਨੂੰ ਦੇਰ ਨਾਲ ਅਹਿਸਾਸ ਹੋਇਆ ਕਿ ਉਸ ਨਾਲੋਂ ਕਿਤੇ ਸੋਹਣਾ ਮੁੰਡਾ ਅੱਜ ਉਸਦੇ ਰੂਬਰੂ ਸੀ ਪਰ ਪਤਾ ਨਹੀਂ ਕਿਉਂ ਪਹਿਲਾਂ ਉਸਦੇ ਧਿਆਨ ਵਿੱਚ ਇਹ ਗੱਲ ਨਾ

ਆਈ। ਕੁੜੀ ਨੇ ਬੂਹੇ ਤੋਂ ਬਾਹਰ ਜਾ ਝਾਤੀ ਵੀ ਮਾਰੀ ਪਰ ਗੁਰਿੰਦਰ ਜਾ ਚੁੱਕਾ ਸੀ।

ਸਾਇਕਲ ਦੇ ਪੈਂਡਲ ਮਾਰਦਾ ਗੁਰਿੰਦਰ ਅੱਗੇ ਵੱਧਿਆ। ਪਰ ਉਸਦੇ ਦਿਮਾਗ ਉੱਤੇ ਕੁੜੀ ਦੀ ਛਾਪ ਛੱਪ ਚੁੱਕੀ ਸੀ। ਉਸਨੇ ਹੋਰਾਂ ਘਰਾਂ ਵਿੱਚੋਂ ਦੁੱਧ ਕੱਠਾ ਕੀਤੇ ਤੇ ਪਾਇਆ ਪਰ ਧਿਆਨ ਕੁੜੀ ਵਿੱਚ ਹੀ ਰੱਖਿਆ। ਦੁੱਧ ਪਾ ਘਰ ਪਹੁੰਚਿਆ। ਡੰਗਰਾਂ ਨੂੰ ਪੱਠੇ ਪਾਏ, ਹੋਰ ਕੰਮ ਕੀਤੇ, ਪਰ ਕੁੜੀ ਵੱਲੋਂ ਧਿਆਨ ਨਾ ਭਟਕਿਆ। ਦੁਪਿਹਰ ਪਈ ਤਾਂ ਰਾਮ ਸਿੰਘ ਖੇਤਾਂ ਤੋਂ ਘਰ ਆ ਗਿਆ। ਗਰਮੀ ਜਿਆਦਾ ਹੋਣ ਕਾਰਨ ਉਸਦਾ ਸਰੀਰ ਥੋੜਾ ਢਿੱਲਾ ਪੈ ਗਿਆ ਜਿਸ ਕਰਕੇ ਉਸਨੇ ਅਗਲੇ ਦਿਨ ਵੀ ਗੁਰਿੰਦਰ ਨੂੰ ਹੀ ਦੁੱਧ ਪਾਉਣ ਲਈ ਕਿਹਾ। ਗੁਰਿੰਦਰ ਫਿਰ ਤੋਂ ਅਗਲੇ ਦਿਨ ਕੁੜੀ ਨੂੰ ਦੇਖਣ ਦੀ ਚਾਹ ਨਾਲ ਦੁੱਧ ਪਾਉਣ ਨਿਕਲ ਤੁਰਿਆ। ਕੁਝ ਘਰਾਂ ਵਿੱਚੋਂ ਦੁੱਧ ਲਿਆ, ਪਾਇਆ ਤੇ ਸਰਪੰਚ ਅਜੀਤ ਸਿੰਘ ਘਰ ਜਾ ਪਹੁੰਚਿਆ। ਅੱਜ ਬਾਹਰ ਖਲ੍ਹੋ ਆਵਾਜ਼ ਨਾ ਮਾਰੀ ਸਿੱਧਾ ਹੀ ਘਰੇ ਵੜ ਗਿਆ ਤੇ ਫਿਰ ਆਵਾਜ਼ ਮਾਰੀ। ਘਰ ਦਾ ਵੇਹੜਾ ਬਹੁਤ ਖੁੱਲਾ ਸੀ। ਕੱਲ ਵਾਲੀ ਕੁੜੀ ਕਾਹਲੀ ਨਾਲ ਬਾਹਰ ਆਈ ਤੇ ਗੁਰਿੰਦਰ ਵੱਲ ਇੱਕੋ ਟੱਕ

ਦੇਖਣ ਲੱਗੀ। ਗੁਰਿੰਦਰ ਵੀ ਉਸ ਵੱਲ ਦੇਖ ਰਿਹਾ ਸੀ। ਦੋ ਕੁ ਮਿੰਟ ਦੇਖਣ ਪਿੱਛੋਂ ਕੁੜੀ ਨੂੰ ਕਿਸੇ ਹੋਰ ਕੁੜੀ ਨੇ ਅੰਦਰੋਂ ਆਵਾਜ਼ ਮਾਰੀ..

"ਭੈਣ.. ਭੈਣ.."

ਕੁੜੀ ਦਾ ਧਿਆਨ ਗੁਰਿੰਦਰ ਵੱਲੋਂ ਟੁੱਟਾ ਤੇ ਉਹ ਅੰਦਰ ਗਈ। ਗੁਰਿੰਦਰ ਅਜੇ ਵੀ ਉਸ ਵੱਲ ਦੇਖ ਰਿਹਾ ਸੀ। ਕੁਝ ਚਿਰ ਬਾਅਦ ਕੁੜੀ ਦੁੱਧ ਫੜੀ ਲਿਆ ਬਾਹਰ ਆਈ। ਗੁਰਿੰਦਰ ਦੁੱਧ ਪਵਾਉਂਦਾ ਅਜੇ ਵੀ ਉਸ ਵੱਲ ਦੇਖ ਰਿਹਾ ਸੀ ਤੇ ਕੁੜੀ ਵੀ ਉਸ ਵੱਲ। ਦੁੱਧ ਪੈ ਗਿਆ ਤਾਂ ਗੁਰਿੰਦਰ ਨੇ ਕੁੜੀ ਨੂੰ ਬੁਲਾਉਣ ਦੇ ਬਹਾਨੇ ਨਾਲ ਪੁੱਛਿਆ..

ਗੁਰਿੰਦਰ - ਸਰਪੰਚ ਸਾਬ ਨਹੀਂ ਦਿਖਾਈ ਦੇ ਰਹੇ..

ਕੁੜੀ - ਬਾਪੂ ਜੀ ਹਜੂਰ ਸਾਹਿਬ ਗਏ ਹੋਏ ਆ। ਕੁਝ ਕੁ ਦਿਨਾਂ ਤੱਕ ਆਉਣਗੇ।

ਗੁਰਿੰਦਰ - ਅੱਛਾ ਜੀ।

ਕੁੜੀ - ਵੈਸੇ ਤੁਸੀਂ ਕੌਣ ਹੋ? ਕੱਲ ਵੀ ਦੁੱਧ ਲੈਣ ਤੁਸੀਂ ਆਏ ਸੀ। ਜੋ ਬਾਪੂ ਜੀ ਆਉਂਦੇ ਸੀ ਉਹ ਕਿਉਂ ਨੀ ਆ ਰਹੇ?

ਗੁਰਿੰਦਰ - ਮੈਂ ਮੁੰਡਾ ਉਹਨਾਂ ਦਾ। ਬਾਪੂ ਜੀ ਠੀਕ ਨੀ ਸੀ ਇਸ ਲਈ ਮੈਂ ਆ ਗਿਆ।

ਕੁੜੀ - ਚੰਗਾ ਕੀਤਾ।

ਗੁਰਿੰਦਰ - ਮਤਲਬ..

ਕੁੜੀ ਨੇ ਗੁਰਿੰਦਰ ਵੱਲ ਤੱਕਿਆ ਤੇ ਥੋੜਾ ਜਿਹਾ ਮੁਸਕਰਾਈ। ਗੁਰਿੰਦਰ ਵੀ ਉਸ ਵੱਲ ਦੇਖ ਕੇ ਮੁਸਕਰਾਇਆ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਫਿਰ ਘਰੇ ਕੋਣ ਏ ਹੁਣ ਸਰਪੰਚ ਸਾਬ ਤੇ ਹੈ ਨੀ ਘਰ?

ਕੁੜੀ - ਬਸ ਮੈਂ, ਮੇਰੀਆਂ ਭੈਣਾਂ ਤੇ ਦਾਦੀ।

ਗੁਰਿੰਦਰ - ਡਰ ਨਹੀਂ ਲੱਗਦਾ ਕੱਲਿਆਂ ਨੂੰ? ਜੇ ਕੋਈ ਰਾਤ-ਬਰਾਤੇ ਘਰ ਆ ਜਾਵੇ ਤੇ?

ਕੁੜੀ - ਕਿਸੇ ਦੀ ਹਿੰਮਤ ਨੀ ਹੈਗੀ ਕੋਈ ਘਰ ਦਾ ਬੂਹਾ ਲੰਘ ਜਾਵੇ।

ਗੁਰਿੰਦਰ - ਹਾਂਜੀ ਇਹ ਤਾਂ ਹੈ।

ਕੁੜੀ - ਕੱਲ ਵੀ ਤੁਸੀਂ ਆਓਗੇ?

ਗੁਰਿੰਦਰ - ਪਤਾ ਨੀ। ਜੇ ਬਾਪੂ ਜੀ ਦੀ ਸਿਹਤ ਠੀਕ ਰਹੀ ਤਾਂ ਉਹ ਆ ਸਕਦੇ ਆ ਨਹੀਂ ਤਾਂ ਮੈਂ ਹੀ।

ਕੁੜੀ - ਆਰਾਮ ਕਰਨ ਦਿਉ ਬਾਪੂ ਜੀ ਨੂੰ। ਤੁਸੀਂ ਹੀ ਆਇਆ ਕਰੋ ਜਦ ਤੱਕ ਉਹ ਚੰਗੀ ਤਰ੍ਹਾਂ ਠੀਕ ਨਹੀਂ ਹੋ ਜਾਂਦੇ।

ਗੁਰਿੰਦਰ - ਅੱਛਾ ਜੀ।

ਗੁਰਿੰਦਰ ਉਸਦੇ ਵੱਲ ਦੇਖਦਾ ਹੋਇਆ ਮੁਸਕਰਾ ਰਿਹਾ ਸੀ ਤੇ ਕੁੜੀ ਵੀ। ਗੁਰਿੰਦਰ ਸਮਝਦਾ ਸੀ ਕਿ ਕੁੜੀ ਨੇ ਕਿਸ ਲਹਿਜ਼ੇ ਨਾਲ ਉਸ ਨੂੰ ਮੁੜ ਤੋਂ ਆਉਣ ਵਾਸਤੇ ਕਿਹਾ ਹੈ।

"ਚੰਗਾ ਜੀ ਮੈਂ ਚੱਲਦਾ ਫਿਰ। ਧੁੱਪ ਹੁੰਦੀ ਜਾਂਦੀ। ਮੈਂ ਹੋਰਾਂ ਘਰ ਵੀ ਜਾਣਾ ਅਜੇ।"

ਕੁੜੀ ਕੁਝ ਨਾ ਬੋਲੀ ਤੇ ਗੁਰਿੰਦਰ ਸਤਿ ਸ੍ਰੀ ਅਕਾਲ ਬੁਲਾ ਘਰ ਤੋਂ ਬਾਹਰ ਹੋਰਾਂ ਘਰਾਂ ਦੇ ਰਾਹ ਨੂੰ ਪੈ ਗਿਆ। ਕੁੜੀ ਬਸ ਉਸ ਵੱਲ ਦੇਖਦੀ ਰਹੀ। ਦੁੱਧ ਪਾ ਗੁਰਿੰਦਰ ਘਰ ਆਇਆ। ਰੋਟੀ ਪਾਣੀ ਖਾਧਾ ਤੇ ਘਰ ਦੇ ਹੋਰ ਕੰਮ ਕੀਤੇ। ਰਾਮ ਸਿੰਘ ਠੀਕ ਸੀ ਤੇ ਅਗਲੇ ਦਿਨ ਦੁੱਧ ਆਪ ਪਾਉਣ ਦੀ ਗੱਲ ਕੀਤੀ। ਪਰ ਗੁਰਿੰਦਰ ਨੇ ਆਪਣੇ

ਬਾਪੂ ਨੂੰ ਕੁਝ ਦਿਨ ਆਰਾਮ ਕਰਨ ਲਈ ਕਿਹਾ। ਗਰਮੀ ਵੱਧ ਹੋਣ ਕਾਰਨ ਬਸੰਤ ਕੌਰ ਨੇ ਵੀ ਰਾਮ ਸਿੰਘ ਨੂੰ ਘਰੇ ਰੁਕਣ ਲਈ ਕਿਹਾ। ਗੁਰਿੰਦਰ ਲਈ ਦੁੱਧ ਪਾਉਣਾ ਤਾਂ ਇੱਕ ਬਹਾਨਾ ਸੀ। ਅਸਲ ਕਾਰਨ ਤਾਂ ਸਰਪੰਚ ਅਜੀਤ ਸਿੰਘ ਦੀ ਕੁੜੀ ਨੂੰ ਨਿੱਤ ਮਿਲਣਾ ਸੀ। ਦੋ ਚਾਰ ਦਿਨ ਇੰਝ ਹੀ ਚੱਲਿਆ। ਗੁਰਿੰਦਰ ਦੁੱਧ ਪਾਉਣ ਦੇ ਬਹਾਨੇ ਜਾਂਦਾ ਤੇ ਕੁੜੀ ਨੂੰ ਮਿਲਦਾ ਤੇ ਆਨੇ-ਬਹਾਨੇ ਗੱਲਾਂ ਕਰਦਾ। ਉਹ ਕੁੜੀ ਨੂੰ ਪਸੰਦ ਕਰਨ ਲੱਗ ਪਿਆ ਸੀ ਤੇ ਕੁੜੀ ਵੀ ਉਸ ਨੂੰ ਓਨਾਂ ਹੀ ਪਸੰਦ ਕਰਦੀ ਸੀ। ਪਰ ਗੁਰਿੰਦਰ ਨੇ ਅਜੇ ਤੱਕ ਕੁੜੀ ਨੂੰ ਨਾਂ ਤੱਕ ਪੁੱਛਣ ਦੀ ਹਿੰਮਤ ਨਹੀਂ ਸੀ ਕੀਤੀ। ਤੇ ਨਾ ਹੀ ਕੁੜੀ ਨੇ ਗੁਰਿੰਦਰ ਨੂੰ ਪੁੱਛਿਆ ਸੀ। ਗੱਲਾਂ ਬਾਤਾਂ ਨਿੱਤ ਹੁੰਦੀਆਂ ਸਨ।

ਕਰੀਬ ਚਾਰ-ਪੰਜ ਦਿਨਾਂ ਪਿੱਛੋਂ ਉਸਨੇ ਹੌਂਸਲਾ ਕਰ ਇੱਕ ਪ੍ਰੇਮ ਪੱਤਰ ਲਿਖਿਆ ਤੇ ਦੁੱਧ ਲੈਣ ਚਲਾ ਗਿਆ। ਦੁੱਧ ਪਵਾਉਂਦੇ ਵੇਲੇ ਕੁੜੀ ਨਾਲ ਗੱਲਾਂ ਕਰ ਰਿਹਾ ਸੀ। ਕੁੜੀ ਨੇ ਪੁੱਛਿਆ..

ਕੁੜੀ - ਤੁਸੀਂ ਪੜ੍ਹਦੇ ਲਿਖਦੇ ਵੀ ਹੋ ਜਾਂ ਬਸ ਦੁੱਧ ਹੀ ਪਾਉਂਦੇ ਹੋ? ਜਾਂ ਕੋਈ ਹੋਰ ਵੀ ਕੰਮ ਕਰਦੇ ਹੋ?

ਗੁਰਿੰਦਰ - ਪੜ੍ਹਿਆ ਹਾਂ ਬਾਰਵੀਂ ਤੱਕ। ਅੱਗੇ ਨਹੀਂ ਪੜ੍ਹਿਆ। ਹਾਂ ਐਤਕੀ ਕਹਿ ਰਹੇ ਸੀ ਬਾਪੂ ਜੀ ਕਿ ਕਾਲਜ ਪੈ ਜਾ। ਦੁੱਧ ਤਾਂ ਬਾਪੂ ਜੀ ਪਾਉਂਦੇ ਸੀ। ਉਹ ਠੀਕ ਨਹੀਂ ਤਦੇ ਮੈਂ ਆ ਜਾਂਦਾ।

ਕੁੜੀ - ਅੱਛਾ।

ਗੁਰਿੰਦਰ - ਤੁਸੀਂ ਕਿੰਨਾ ਪੜ੍ਹੇ ਹੋ?

ਕੁੜੀ - ਮੈਂ ਜਿਆਦਾ ਨੀ ਬਸ ਦੱਸਵੀਂ ਤੱਕ ਹੀ। ਸਾਡੇ ਪਿੰਡ ਵਾਲੇ ਸਕੂਲ ਹੈਨੀ ਸੀ ਬਾਰਵੀਂ ਇਸ ਲਈ ਬਾਪੂ ਜੀ ਨੇ ਅੱਗੇ ਨੀ ਪੜ੍ਹਾਈ। ਉਂਝ ਦਿਲ ਜਰੂਰ ਕਰਦਾ ਸੀ ਅੱਗੇ ਪੜ੍ਹਨ ਨੂੰ।

ਗੁਰਿੰਦਰ - ਚਲੋ ਦਸ ਕਿਹੜਾ ਘੱਟ ਨੇ ਅੱਜ ਦੇ ਜ਼ਮਾਨੇ 'ਚ। ਲੋਕੀ ਤਾਂ ਕੁੜੀਆਂ ਨੂੰ ਪੰਜ ਜਮਾਤਾਂ ਵੀ ਨਹੀਂ ਪੜ੍ਹਾਉਂਦੇ। ਇਹ ਤਾਂ ਫਿਰ ਚੰਗੇ ਨੇ ਤੁਹਾਡੇ ਬਾਪੂ ਜੀ। ਵੈਸੇ ਤੁਹਾਡਾ ਨਾਂ ਕੀ ਆ?

ਕੁੜੀ - ਸੁੱਖਪ੍ਰੀਤ। ਤੁਹਾਡਾ?

ਗੁਰਿੰਦਰ - ਮੈਂ ਗੁਰਿੰਦਰ।

ਦੋਨੋਂ ਕੁਝ ਪਲਾਂ ਲਈ ਚੁੱਪ ਹੋ ਗਏ। ਫਿਰ ਗੁਰਿੰਦਰ ਆਪਣੀ ਜੇਬ 'ਚੋਂ ਪ੍ਰੇਮ ਪੱਤਰ ਕੱਢਦਾ ਹੋਇਆ ਬੋਲਿਆ..

ਗੁਰਿੰਦਰ - ਆਹ ਹਿਸਾਬ ਲਿਖਿਆ ਦੁੱਧ ਦਾ ਜਦੋਂ ਮੈਂ ਗਿਆਂ ਦੇਖ ਲਿਉ।

ਸੁੱਖਪ੍ਰੀਤ - ਹੁਣੇ ਦੇਖ ਲੈਂਦੀ ਆ।

ਗੁਰਿੰਦਰ - ਨਹੀਂ-ਨਹੀਂ ਹੁਣੇ ਨਾ ਦੇਖਣਾ। ਹਿਸਾਬ ਲੰਮਾ ਏ। ਵੇਹਲੇ ਹੋ ਦੇਖ ਲੈਣਾ। ਜੇ ਕੋਈ ਕਮੀ ਪੇਸ਼ੀ ਲੱਗੇ ਤਾਂ ਕੱਲ ਨੂੰ ਦੱਸਣਾ। ਮੈਂ ਚੱਲਦਾ ਹਾਂ।

ਏਨਾ ਆਖ ਗੁਰਿੰਦਰ ਇਸ ਡਰ ਨਾਲ ਘਰ ਤੋਂ ਕਾਹਲੀ ਨਾਲ ਬਾਹਰ ਨਿਲਕਿਆ ਕਿਤੇ ਸੁੱਖਪ੍ਰੀਤ ਉਸਦੇ ਸਾਹਮਣੇ ਹੀ ਪ੍ਰੇਮ ਪੱਤਰ ਨਾ ਪੜ੍ਹਨ ਲੱਗ ਪਵੇ। ਗੁਰਿੰਦਰ ਅਜੇ ਨਿਕਲਿਆ ਹੀ ਕਿ ਸੁੱਖਪ੍ਰੀਤ ਨੇ ਪ੍ਰੇਮ ਪੱਤਰ ਪੜ੍ਹਨਾ ਸ਼ੁਰੂ ਕਰ ਦਿੱਤਾ..

**"ਲਿਖ ਤੁਮ ਗੁਰਿੰਦਰ ਸਿੰਘ..**

ਸਤਿ ਸ੍ਰੀ ਅਕਾਲ ਜੀ। ਮੈਂ ਤੁਹਾਡਾ ਨਾਂ ਨਹੀਂ ਜਾਣਦਾ। ਪਰ ਤੁਸੀਂ ਰੱਜ ਕੇ ਸੋਹਣੇ ਹੋ ਇਹ ਗੱਲ ਮੈਂ ਦਾਅਵੇ ਨਾਲ ਆਖ ਸਕਦਾ। ਤੁਹਾਡੇ ਤੋਂ ਸੋਹਣਾ ਮੈਨੂੰ ਨਹੀਂ ਲੱਗਦਾ ਕਿ ਰੱਬ ਨੇ ਅੱਜ ਤੱਕ ਕੋਈ ਬਣਾਇਆ ਹੋਣਾ ਜਾਂ ਅਗਾਂਹ ਬਣਾਵੇਗਾ। ਮੈਂ ਜਿਸ ਦਿਨ ਦਾ ਤੁਹਾਨੂੰ

ਦੇਖਿਆ ਹੈ। ਮੈਨੂੰ ਕਿਧਰੇ ਹੋਰ ਕੁਝ ਵੀ ਨਜ਼ਰ ਨਹੀਂ ਆਉਂਦਾ। ਹਰ ਥਾਂ ਤੁਸੀਂ ਹੀ ਦਿੱਖਦੇ ਹੋ। ਮੈਨੂੰ ਲੱਗਦਾ ਮੈਂ ਤੁਹਾਨੂੰ ਪਸੰਦ ਕਰਨ ਲੱਗ ਪਿਆ ਹਾਂ। ਪਿਆਰ ਦਾ ਨਹੀਂ ਮੈਨੂੰ ਪਤਾ ਕਿ ਕੀ ਹੁੰਦਾ। ਨਾ ਕਦੇ ਕਿਸੇ ਕੁੜੀ ਨੇ ਕੀਤਾ ਤੇ ਨਾ ਹੀ ਕਿਸੇ ਕੁੜੀ ਨਾਲ ਹੋਇਆ ਸੀ। ਹਾਂ ਅਗਰ ਹਰ ਵੇਲੇ ਕਿਸੇ ਨੂੰ ਯਾਦ ਕਰਨਾ। ਭੁੱਖ ਲੱਗਣੀ ਪਰ ਰੋਟੀ ਖਾਣ ਨੂੰ ਜੀਅ ਨਾ ਕਰਨਾ, ਸਾਰੀ ਰਾਤ ਤਾਰਿਆਂ ਵੱਲ ਵੇਖ ਖੁਦ ਨਾਲ ਗੱਲਾਂ ਕਰਨੀਆਂ। ਸਿਰਫ ਇੱਕ ਪਾਸੇ ਧਿਆਨ ਰਹਿਣਾ ਹੋਰ ਕੋਈ ਕੰਮ ਕਰਨ ਨੂੰ ਜੀਅ ਨਾ ਕਰਨਾ। ਅਗਰ ਇਹ ਸਭ ਕਿਸੇ ਨਾਲ ਹੋਣ ਵਾਲੇ ਨੂੰ ਪਿਆਰ ਹੋਇਆ ਆਖਦੇ ਨੇ ਤਾਂ ਸ਼ਾਇਦ ਮੈਨੂੰ ਹੋ ਗਿਆ ਪਿਆਰ ਤੁਹਾਡੇ ਨਾਲ। ਕੋਈ ਵੀ ਪਲ ਐਸਾ ਨਹੀਂ ਲੰਘਦਾ ਹੋਣਾ ਜਦੋਂ ਤੁਹਾਡਾ ਚੇਤਾ ਨਹੀਂ ਆਉਂਦਾ। ਮੈਨੂੰ ਪ੍ਰੇਮ ਪੱਤਰ ਨਹੀਂ ਲਿਖਣਾ ਆਉਂਦਾ। ਇਸ ਲਈ ਕੁਝ ਗ਼ਲਤ ਲਿਖ ਦਿਆਂ ਤੇ ਮੁਆਫ਼ ਕਰਨਾ। ਮੈਂ ਤਾਂ ਇਹ ਵੀ ਨਹੀਂ ਜਾਣਦਾ ਕਿ ਆਪ ਮੈਨੂੰ ਪਿਆਰ ਕਰਦੇ ਹੋ ਜਾਂ ਨਹੀਂ। ਪਰ ਮੈਂ ਕਰਦਾ ਹਾਂ ਇਸ ਲਈ ਦਿਲ ਦੀ ਗੱਲ ਕੀਤੇ ਬਗੈਰ ਨਹੀਂ ਸੀ ਰਹਿ ਸਕਦਾ। ਮੇਰੀ ਮਾਂ ਕਹਿੰਦੀ ਹੁੰਦੀ ਆ ਕਿ ਬੰਦੇ ਨੂੰ ਦਿਲ 'ਚ ਨਹੀਂ ਕੋਈ ਗੱਲ ਰੱਖਣੀ ਚਾਹੀਦੀ। ਜੋ ਵੀ ਹੋਵੇ ਬੋਲ ਦੇਣਾ ਚਾਹੀਦਾ। ਭਾਵੇਂ ਕਿਸੇ ਨੂੰ ਚੰਗਾ ਲੱਗੇ ਜਾਂ ਮਾੜਾ। ਐਵੇਂ

ਆਪ ਅੰਦਰੋਂ ਘੁੱਟ-ਘੁੱਟ ਕਿਉਂ ਮਰਨਾ। ਏਸੇ ਲਈ ਮੈਂ ਆਪਣੇ ਦਿਲ ਦੀ ਗੱਲ ਲਿਖ ਕੇ ਦੱਸ ਰਿਹਾ ਹਾਂ। ਮੈਂ ਤੁਹਾਨੂੰ ਬਹੁਤ-ਬਹੁਤ ਪਿਆਰ ਕਰਦਾ ਹਾਂ। ਜੇ ਤੁਸੀਂ ਵੀ ਮੈਨੂੰ ਪਿਆਰ ਕਰਦੇ ਹੋ ਤਾਂ ਜਰੂਰ ਜੁਆਬ ਦੇਣਾ। ਮੈਨੂੰ ਤੁਹਾਡੇ ਜੁਆਬ ਦੀ ਬੇਸਬਰੀ ਨਾਲ ਉਡੀਕ ਰਹੇਗੀ।"

ਸੁੱਖਪ੍ਰੀਤ ਨੇ ਪ੍ਰੇਮ ਪੱਤਰ ਪੜ੍ਹਿਆ ਤੇ ਮੁੱਖ ਤੇ ਮੁਸਕਾਨ ਲਿਆਂਦੀ। ਪ੍ਰੇਮ ਪੱਤਰ ਨੂੰ ਚੁੰਮਿਆ। ਉਹ ਵੀ ਇਹੀ ਚਾਹੁੰਦੀ ਸੀ। ਪਰ ਉਸ ਤੋਂ ਗੁਰਿੰਦਰ ਨੂੰ ਕਹਿਣ ਦੀ ਹਿੰਮਤ ਨਹੀਂ ਸੀ। ਪਰ ਗੁਰਿੰਦਰ ਦਾ ਉਸ ਵੱਲ ਪਿਆਰ ਦੇਖ ਉਹ ਫੁੱਲੀ ਨਹੀਂ ਸੀ ਸਮਾ ਰਹੀ। ਉਸ ਨੂੰ ਅੱਜ ਸਭ ਖ਼ੂਬਸੂਰਤ ਲੱਗ ਰਿਹਾ ਸੀ। ਉਸਦੇ ਪੈਰ ਜ਼ਮੀਨ ਤੇ ਨਹੀਂ ਸਨ ਲੱਗਦੇ। ਜਦ ਉਸਦੀ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਤਾਂ ਉਸਨੇ ਚਾਅ-ਚਾਅ ਵਿੱਚ ਆਪਣੀਆਂ ਭੈਣਾਂ ਨੂੰ ਗੁਰਿੰਦਰ ਬਾਰੇ ਦੱਸਿਆ। ਉਸਦੀਆਂ ਭੈਣਾਂ ਨੇ ਵੀ ਪ੍ਰੇਮ ਪੱਤਰ ਪੜ੍ਹਿਆ। ਉਹ ਇਸ ਇਸ਼ਕ ਦੇ ਰਾਹ ਤੋਂ ਦੂਰ ਸਨ ਪਰ ਉਹਨਾਂ ਨੂੰ ਆਪਣੀ ਭੈਣ ਦੀ ਖੁਸ਼ੀ ਵਿੱਚ ਹੀ ਖੁਸ਼ੀ ਜਾਪੀ। ਸੁੱਖਪ੍ਰੀਤ ਨੇ ਬਿਨਾਂ ਦੇਰੀ ਕੀਤੇ ਗੁਰਿੰਦਰ ਦੇ ਪ੍ਰੇਮ ਪੱਤਰ ਦਾ

ਜੁਆਬ ਲਿਖਿਆ। ਅਗਲੇ ਦਿਨ ਗੁਰਿੰਦਰ ਦੁੱਧ ਲੈਣ ਆਇਆ ਤਾਂ ਬਣਾਵਟੀ ਗੁੱਸਾ ਦਿਖਾਇਆ। ਗੁਰਿੰਦਰ ਖਾਮੋਸ਼ ਰਿਹਾ। ਉਸ ਨੂੰ ਲੱਗਾ ਸ਼ਾਇਦ ਸੁੱਖਪ੍ਰੀਤ ਦੀ ਨਾਂਹ ਹੈ। ਦੁੱਧ ਪਾਉਣ ਪਿੱਛੋਂ ਸੁੱਖਪ੍ਰੀਤ ਗੁੱਸੇ ਦਾ ਦਿਖਾਵਾ ਕਰਦੀ ਆਪਣੇ ਜੁਆਬ ਵਾਲਾ ਪ੍ਰੇਮ ਪੱਤਰ ਫੜਾਉਂਦੀ ਬੋਲੀ..

ਸੁੱਖਪ੍ਰੀਤ - ਪੜ੍ਹ ਲਿਆ ਤੁਹਾਡਾ ਹਿਸਾਬ। ਆਹ ਲਵੋ ਮੇਰਾ ਵੀ ਪੜ੍ਹ ਲਿਉ ਤੇ ਕੱਲ ਨੂੰ ਬਣਦੇ ਪੈਸੇ ਦੇ ਜਾਣੇ।

ਗੁਰਿੰਦਰ ਨੇ ਪੱਤਰ ਫੜਿਆ ਤੇ ਬਿਨਾਂ ਕੁਝ ਬੋਲੇ ਜੇਬ ਵਿੱਚ ਪਾ ਘਰੋਂ ਨਿਕਲ ਗਿਆ। ਸੁੱਖਪ੍ਰੀਤ ਦੇ ਵਰਤਾਵ ਤੋਂ ਉਸਨੂੰ ਨਾਂਹ ਹੀ ਲੱਗੀ। ਘਰੋਂ ਨਿਲਕਦੇ ਹੀ ਘਰ ਦੇ ਬਾਹਰ ਖਲੋ ਉਹ ਜੁਆਬ ਪੜ੍ਹਨ ਲੱਗਾ..

"ਨਾਂ ਤਾਂ ਪਤਾ ਲੱਗ ਗਿਆ ਆਪ ਨੂੰ। ਇਸ ਲਈ ਦੁਬਾਰਾ ਦੱਸਣ ਦੀ ਲੋੜ ਨਹੀਂ। ਸਭ ਤੋਂ ਪਹਿਲੀ ਗੱਲ ਮੇਰੀ ਇੱਕ ਸਹੇਲੀ ਕਹਿੰਦੀ ਹੁੰਦੀ ਸੀ ਕਿ ਪ੍ਰੇਮ ਪੱਤਰ ਵਿੱਚ ਕਦੇ ਵੀ ਆਪਣਾ ਨਾਂ ਨਹੀਂ ਲਿਖੀਦਾ। ਤੇ ਏਦਾਂ ਤਾਂ ਕਦੇ ਵੀ ਨਹੀਂ ਲਿਖੀ ਦਾ.. "ਲਿਖ਼ਤ ਤੁਮ ਗੁਰਿੰਦਰ ਸਿੰਘ" । ਕਿਸੇ ਨੂੰ ਚਿੱਠੀ ਥੋੜ੍ਹਾ ਲਿਖ ਰਹੇ ਆ। ਪ੍ਰੇਮ ਪੱਤਰ

ਆ। ਬਾਕੀ ਮੈਂ ਜਾਣਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਪਸੰਦ ਕਰਦੇ ਹੋ। ਪਹਿਲੇ ਦਿਨ ਤੋਂ ਕਰਦੇ ਹੋ। ਮੈਂ ਵੀ ਕਰਦੀ ਹਾਂ ਤੇ ਪਹਿਲੇ ਦਿਨ ਤੋਂ ਕਰਦੀ ਹਾਂ। ਬਸ ਫਰਕ ਇਹ ਵਾ ਕਿ ਤੁਸੀਂ ਇਜ਼ਹਾਰ ਕਰ ਦਿੱਤਾ ਤੇ ਮੈਂ ਕਰ ਨਹੀਂ ਸਕੀ। ਵੈਸੇ ਜਿੰਨੀ ਕੁ ਮੈਂ ਸੋਹਣੀ ਹਾਂ ਉਸ ਤੋਂ ਕਈ ਗੁਣਾ ਤੁਸੀਂ ਸੋਹਣੇ ਹੋ। ਰੰਗ ਰੂਪ ਤੋਂ ਵੀ ਤੇ ਬੋਲਣ ਦੇ ਸਲੀਕੇ ਤੋਂ ਵੀ। ਹਾਂ ਇਹ ਵੀ ਯਕੀਨ ਆ ਕਿ ਅੰਦਰੋਂ ਵੀ ਓਨੇ ਹੀ ਸੋਹਣੇ ਹੋਵੋਗੇ। ਬਹੁਤੀਆਂ ਗੱਲਾਂ ਮੈਨੂੰ ਵੀ ਨਹੀਂ ਆਉਂਦੀਆ। ਪਰ ਕਰਨਾ ਜਰੂਰ ਚਾਹੁੰਦੀ ਆਂ। ਪਹਿਲੀ ਵਾਰ ਏਦਾਂ ਹੋਇਆ ਕਿ ਕਿਸੇ ਨੂੰ ਪਹਿਲੀ ਨਜ਼ਰ 'ਚ ਤੱਕਿਆ ਤੇ ਪਿਆਰ ਹੋ ਗਿਆ। ਇਸ ਬਾਰੇ ਸੁਣਦੀ ਜਰੂਰ ਹੁੰਦੀ ਸੀ। ਪਰ ਯਕੀਨ ਨਹੀਂ ਸੀ। ਪਰ ਖੁਦ ਨੂੰ ਤੁਹਾਡੇ ਨਾਲ ਹੋਇਆ ਤਾਂ ਫਿਰ ਪਤਾ ਲੱਗਾ। ਮੈਂ ਤੁਹਾਨੂੰ ਬਹੁਤ ਪਿਆਰ ਕਰਦੀ ਹਾਂ। ਮੇਰਾ ਵੀ ਘਰੇ ਜੀਅ ਨਹੀਂ ਲੱਗਦਾ। ਮੈਂ ਜਾਣਦੀ ਹੀ ਨਹੀਂ ਕਿ ਕਿਵੇਂ ਮੈਨੂੰ ਤੁਹਾਡੇ ਨਾਲ ਪਿਆਰ ਹੋ ਗਿਆ। ਉਹ ਵੀ ਏਨੀ ਛੇਤੀ। ਮੈਂ ਤਾਂ ਦੂਰ ਭੱਜਦੀ ਹੁੰਦੀ ਸੀ। ਪਿਆਰ ਦੇ ਨਾਂ ਤੋਂ ਹੀ। ਪਰ ਮੈਂ ਖੁਸ਼ ਹਾਂ ਕਿ ਮੈਨੂੰ ਵੀ ਹੋ ਹੀ ਗਿਆ ਤੇ ਉਹ ਵੀ ਤੁਹਾਡੇ ਨਾਲ। ਮੇਰਾ ਇਹ ਖੱਤ ਪੜ੍ਹ ਜਿੰਨੀ ਤੁਹਾਨੂੰ ਖੁਸ਼ੀ ਪੜ੍ਹਨ ਵੇਲੇ ਹੋ ਰਹੀ ਹੋਵੇਗੀ। ਓਨੀ ਹੀ ਮੈਨੂੰ ਇਸ ਨੂੰ ਲਿਖਣ ਵੇਲੇ ਹੋ ਰਹੀ ਏ। ਮੈਂ ਸੱਚੀ ਤੁਹਾਨੂੰ ਬਹੁਤ


www.PunjabiLibrary.com

ਪਿਆਰ ਕਰਦੀ ਤੇ ਹਮੇਸ਼ਾ ਤੁਹਾਡੀ ਹੀ ਹੋ ਕੇ ਰਹਿਣਾ ਚਾਹੁੰਦੀ ਹਾਂ। ਮੇਰੇ ਤੋਂ ਹੋਰ ਨਹੀਂ ਲਿਖਿਆ ਜਾਣਾ। ਮੈਨੂੰ ਖੁਸ਼ੀ ਹੈ ਜੋ ਤੁਸੀਂ ਮੇਰੀ ਜਿੰਦਗੀ ਵਿੱਚ ਆਏ।"

ਗੁਰਿੰਦਰ ਨੇ ਜੁਆਬ ਪੜ੍ਹਿਆ ਤੇ ਖੁਸ਼ੀ ਨਾਲ ਝੂਮ ਉੱਠਿਆ। ਉੱਥੇ ਹੀ ਖੜਾ ਭੰਗੜਾ ਪਾਉਣ ਲੱਗਾ। ਫਿਰ ਖੁਦ ਨੂੰ ਸੰਭਾਲਿਆ ਤੇ ਬਾਕੀ ਘਰਾਂ ਤੋਂ ਦੁੱਧ ਦਾ ਕੰਮ ਨਿਬੇੜਿਆ। ਘਰ ਪਹੁੰਚਦਿਆ ਸਾਰ ਹੀ ਫਿਰ ਤੋਂ ਪੱਤਰ ਪੜ੍ਹਿਆ ਤੇ ਉਸ ਤੋਂ ਬਾਅਦ ਫਿਰ ਕਿੰਨੀ ਹੀ ਵਾਰ ਪੜ੍ਹਿਆ। ਰਾਤ ਨੂੰ ਸੁੱਖਪ੍ਰੀਤ ਦੇ ਪ੍ਰੇਮ ਪੱਤਰ ਦਾ ਜੁਆਬ ਲਿਖਿਆ ਤੇ ਅਗਲੇ ਦਿਨ ਗਿਆ। ਦੋਨੋਂ ਇੱਕ ਦੂਜੇ ਨੂੰ ਆਹਮੋ-ਸਾਹਮਣੇ ਦੇਖ ਬਹੁਤ ਖੁਸ਼ ਹੋਏ। ਚਿੱਠੀਆਂ ਦਾ ਸਿਲਸਿਲਾ ਚੱਲਣ ਲੱਗ ਪਿਆ ਤੇ ਕਰੀਬ ਚਾਰ-ਪੰਜ ਦਿਨ ਚੱਲਿਆ। ਸੁੱਖਪ੍ਰੀਤ ਆਪ ਤਾਂ ਪ੍ਰੇਮ ਪੱਤਰ ਪੜ੍ਹਦੀ ਹੀ ਸਗੋਂ ਆਪਣੀ ਭੈਣਾਂ ਨੂੰ ਵੀ ਪੜ੍ਹਾਉਂਦੀ। ਉਸਦੀ ਇੱਕ ਭੈਣ ਪੜ੍ਹਦੀ ਤੇ ਉਹ ਆਪਣੀ ਦੂਜੀ ਭੈਣ ਨਾਲ ਬੈਠ ਸੁਣਦੀ। ਫਿਰ ਰਲ ਗੁਰਿੰਦਰ ਦੇ ਪੱਤਰਾਂ ਦਾ ਜੁਆਬ ਲਿਖਦੀਆਂ। ਫਿਰ ਇੱਕ ਦਿਨ ਗੁਰਿੰਦਰ ਨੇ ਪੱਤਰ ਵਿੱਚ ਇਕੱਲਿਆਂ ਮਿਲਣ ਨੂੰ ਕਿਹਾ ਤਾਂ ਸੁੱਖਪ੍ਰੀਤ ਨੇ ਉਸਨੂੰ ਆਪਣੇ ਘਰ ਹੀ ਬੁਲਾਇਆ।

ਗੁਰਿੰਦਰ ਨੇ ਪਹਿਲਾਂ ਹੀ ਪੱਤਰ ਵਿੱਚ ਲਿਖ ਦਿੱਤਾ ਕਿ ਉਹ ਅਜਿਹਾ ਕੋਈ ਗ਼ਲਤ ਕਦਮ ਨਹੀਂ ਪੁੱਟੇਗਾ ਜਿਸ ਕਾਰਨ ਉਸਨੂੰ ਉਸਦੇ ਘਰਦਿਆਂ ਜਾਂ ਸਮਾਜ ਤੋਂ ਸ਼ਰਮਿੰਦਾ ਹੋਣਾ ਪਵੇ। ਬਸ ਉਹ ਉਸ ਨਾਲ ਬੈਠ ਗੱਲਾਂ ਕਰਨਾ ਚਾਹੁੰਦਾ ਸੀ। ਸੁੱਖਪ੍ਰੀਤ ਨੇ ਹਾਂ ਕਰ ਦਿੱਤੀ। ਕਿਉਂਕਿ ਉਸ ਨੂੰ ਯਕੀਨ ਸੀ ਗੁਰਿੰਦਰ ਦੀ ਇਮਾਨਦਾਰੀ ਤੇ। ਉਹਨਾਂ ਰਾਤ ਮਿਲਣਾ ਤੈਅ ਕੀਤਾ।

ਰਾਤ ਪੈ ਗਈ। ਬੱਚਦਾ-ਬਚਾਉਂਦਾ, ਡਰਦਾ ਹੋਇਆ, ਖੁਦ ਨੂੰ ਹੌਂਸਲਾ ਦਿੰਦੇ ਗੁਰਿੰਦਰ ਬਾਰਾਂ ਵਜੇ ਦੇ ਕਰੀਬ ਸੁੱਖਪ੍ਰੀਤ ਘਰ ਆ ਪਹੁੰਚਿਆ। ਸੁੱਖਪ੍ਰੀਤ ਉਸਦੇ ਇੰਤਜ਼ਾਰ ਵਿੱਚ ਸੀ। ਉਸਨੇ ਮੁੱਖ ਦਰਵਾਜ਼ਾ ਪਹਿਲਾਂ ਹੀ ਖੋਲ ਰੱਖਿਆ ਸੀ। ਜਿਉਂ ਹੀ ਗੁਰਿੰਦਰ ਘਰ ਆਇਆ। ਸੁੱਖਪ੍ਰੀਤ ਬੂਹੇ ਤੇ ਖੜੀ ਸੀ ਤੇ ਉਸਦੇ ਘਰ ਵੜਦਿਆਂ ਹੀ ਬੂਹਾ ਮਾਰ ਦਿੱਤਾ। ਘਰ ਕਾਫੀ ਵੱਡਾ ਸੀ। ਸੁੱਖਪ੍ਰੀਤ ਨੇ ਗੁਰਿੰਦਰ ਦੀ ਬਾਂਹ ਫੜੀ ਤੇ ਉਸ ਨੂੰ ਚੁਬਾਰੇ ਤੇ ਲੈ ਗਈ। ਗਰਮੀ ਕਾਰਨ ਸਾਰੇ ਬਾਹਰ ਹੀ ਸੁੱਤੇ ਹੋਏ ਸਨ। ਉਸਦੀਆਂ ਭੈਣਾਂ ਸਭ ਜਾਣਦੀਆਂ ਸਨ। ਪਰ ਉਹਨਾਂ ਅਣਜਾਣ ਹੋਣ ਦਾ ਦਿਖਾਵਾ ਕਰ ਕੋਈ ਸ਼ੋਰ ਨਾ ਕੀਤਾ ਤੇ ਸੁੱਤੀਆਂ ਰਹੀਆਂ। ਚੁਬਾਰੇ ਪਹੁੰਚਣ ਤੇ ਵੀ ਉਸਨੇ ਗੁਰਿੰਦਰ ਦੀ ਬਾਂਹ ਨਹੀਂ ਸੀ ਛੱਡੀ ਅਜੇ। ਉਹ ਇੱਕ ਮੰਜੇ

ਤੇ ਬੈਠ ਗਏ ਤੇ ਇੱਕ ਦੂਜੇ ਵੱਲ ਇੱਕੋ ਟੱਕ ਦੇਖਦੇ ਰਹੇ। ਰਾਤ ਚਾਨਣੀ ਸੀ। ਜਿਸ ਕਰਕੇ ਇੱਕ ਦੂਜੇ ਦੇ ਚਿਹਰੇ ਸਾਫ ਦਿੱਸਦੇ ਸਨ। ਕੁਝ ਦੇਰ ਉਹ ਸ਼ਾਂਤ ਰਹੇ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਬਾਂਹ ਛੱਡਣੀ ਨੀ ਲੱਗਦਾ ਅੱਜ ਤੁਸੀਂ!

ਸੁੱਖਪ੍ਰੀਤ ਦਾ ਧਿਆਨ ਉਸ ਤਰਫੋਂ ਭੰਗ ਹੋਇਆ ਤੇ ਉਸਨੇ ਇੱਕ ਦਮ ਬਾਂਹ ਛੱਡਦੇ ਹੋਏ ਕਿਹਾ..

ਸੁੱਖਪ੍ਰੀਤ - ਓ.. ਮੁਆਫ ਕਰਨਾ।

ਗੁਰਿੰਦਰ - ਨਹੀਂ.. ਨਹੀਂ.. ਕੋਈ ਗੱਲ ਨੀ। ਭਾਵੇਂ ਸਾਰੀ ਰਾਤ ਹੀ ਫੜੀ ਰੱਖੋ।

ਦੋਨੋਂ ਇੱਕ ਦੂਜੇ ਵੱਲ ਦੇਖ ਮੱਠਾ-ਮੱਠਾ ਮੁਸਕਰਾ ਰਹੇ ਸਨ। ਸੁੱਖਪ੍ਰੀਤ ਬੋਲੀ..

ਸੁੱਖਪ੍ਰੀਤ - ਵੈਸੇ ਕੀ ਗੱਲਾਂ ਕਰਨੀਆਂ ਸੀ ਮਿਲ ਕੇ?

ਗੁਰਿੰਦਰ - ਬਹੁਤ ਗੱਲਾਂ ਨੇ ਕਰਨ ਵਾਲੀਆਂ।

ਸੁੱਖਪ੍ਰੀਤ - ਕਰਦੇ ਕਿਉਂ ਨੀ ਫਿਰ?

ਗੁਰਿੰਦਰ - ਕੀ ਕਰਾਂ ਤੁਸੀਂ ਸੋਹਣੇ ਹੀ ਏਨੇ ਹੋ ਗੱਲਾਂ ਕਰਨ ਨੂੰ ਜੀਅ ਹੀ ਨਹੀਂ ਕਰ ਰਹਾ। ਬਸ ਦਿਲ ਕਰਦਾ ਦੇਖੀਂ ਜਾਂਵਾਂ।

ਸੁੱਖਪ੍ਰੀਤ - ਮੇਰਾ ਤੇ ਜੀਅ ਕਰਦਾ ਮੈਂ ਤੁਹਾਨੂੰ ਦੇਖੀ ਜਾਵਾਂ।

ਗੁਰਿੰਦਰ - ਦੇਖੀ ਜਾਉ ਫਿਰ। ਮੈਂ ਕਿਹੜਾ ਰੋਕਿਆ ਤੁਹਾਨੂੰ।

ਸੁੱਖਪ੍ਰੀਤ - ਵੈਸੇ। ਮੈਨੂੰ ਤੁਹਾਨੂੰ ਏਦਾਂ ਨਹੀਂ ਸੀ ਮਿਲਣਾ ਚਾਹੀਦਾ। ਮੇਰੇ ਘਰਦੇ ਬਹੁਤ ਯਕੀਨ ਕਰਦੇ ਨੇ ਮੇਰੇ ਤੇ। ਖਾਸ ਕਰ ਬਾਪੂ ਜੀ।

ਗੁਰਿੰਦਰ - ਪਰ ਆਪਾ ਕਿਹੜਾ ਕੋਈ ਐਸਾ ਕੰਮ ਕਰ ਰਹੇ ਹਾਂ ਜਿਸ ਨਾਲ ਉਹਨਾਂ ਦਾ ਯਕੀਨ ਟੁੱਟੇ।

ਸੁੱਖਪ੍ਰੀਤ - ਪਤਾ ਜਿਉਂ ਹੀਂ ਮੇਰੀ ਮਾਂ ਪੂਰੀ ਹੋਈ। ਬਾਪੂ ਜੀ ਨੇ ਬੇ-ਫਿਕਰ ਹੋ ਕੇ ਘਰ ਦੀ ਸਾਰੀ ਜ਼ਿੰਮੇਵਾਰੀ ਮੇਰੇ ਤੇ ਪਾ ਦਿੱਤੀ। ਮੈਨੂੰ ਪੁੱਤਾਂ ਵਾਂਗ ਪਾਲਿਆ। ਅਸੀਂ ਤਿੰਨ ਭੈਣਾਂ ਹਾਂ ਕਦੇ ਨਹੀਂ ਉਹਨਾਂ ਕਿਹਾ ਕਿ ਪੁੱਤ ਵੀ ਹੋਣਾ ਚਾਹੀਦਾ ਸੀ।

ਗੁਰਿੰਦਰ - ਹਾਂ ਆਸ-ਪਾਸ ਦੇ ਸਾਰੇ ਬਹੁਤ ਸਿਫ਼ਤਾਂ ਕਰਦੇ ਨੇ ਉਹਨਾਂ ਦੀਆਂ। ਤਦੇ ਤਾਂ ਹਰ ਵਾਰ ਸਰਬਸਮਤੀ ਨਾਲ ਪਿੰਡ ਦਾ ਸਰਪੰਚ ਬਣਾ ਦਿੰਦੇ ਨੇ।

ਸੁੱਖਪ੍ਰੀਤ - ਹਾਂ ਬਹੁਤ ਜਿਆਦਾ। ਸਾਡੀ ਵੀ ਹਰ ਖੁਸ਼ੀ ਪੂਰੀ ਕਰਦੇ ਨੇ। ਮੰਗਣ ਨਾਲੋਂ ਪਹਿਲਾਂ ਚੀਜ਼ ਹਾਜ਼ਿਰ ਕਰ ਦੇਂਦੇ। ਮੈਨੂੰ ਪਤਾ ਜੇ ਮੈਂ ਆਪਣੇ ਵਿਆਹ ਬਾਰੇ ਵੀ ਗੱਲ ਕੀਤੀ ਤਾਂ ਉਹਨਾਂ ਝੱਟ ਮੰਨ ਜਾਣਾ, ਮਨ੍ਹਾ ਨੀ ਕਰਨਾ। ਬੜਾ ਪਿਆਰ ਕਰਦੇ ਆ ਮੈਨੂੰ।

ਗੁਰਿੰਦਰ - ਜੇ ਨਾ ਮੰਨੇ। ਫਿਰ?

ਸੁੱਖਪ੍ਰੀਤ - ਮੰਨ ਜਾਣਗੇ। ਫਿਕਰ ਨਾ ਕਰੋ। ਮੈਨੂੰ ਪਤਾ ਮੈਂ ਮਨਾ ਲੈਣਾ।

ਗੁਰਿੰਦਰ - ਠੀਕ ਆ।

ਫਿਰ ਕੁਝ ਦੇਰ ਚੁੱਪ ਹੋਏ। ਗੁਰਿੰਦਰ ਨੇ ਸੁੱਖਪ੍ਰੀਤ ਦਾ ਹੱਥ ਫੜਿਆ ਤੇ ਆਪਣੀਆਂ ਉਂਗਲੀਆਂ ਉਸਦੀ ਹਥੇਲੀ ਤੇ ਚਲਾਉਣ ਲੱਗਾ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਉਮਰ ਬੜੀ ਲੰਮੀ ਤੇਰੀ।

ਸੁੱਖਪ੍ਰੀਤ - ਅੱਛਾ। ਹੱਥ ਵੇਖ ਲੈਂਦੇ ਤੁਸੀਂ।

ਗੁਰਿੰਦਰ - ਹਾਂ। ਥੋੜਾ ਬਹੁਤਾ।

ਸੁੱਖਪ੍ਰੀਤ - ਚਲੋ ਦੱਸੋ ਫਿਰ। ਕੁਝ ਹੋਰ।

ਸੁੱਖਪ੍ਰੀਤ ਖੁਸ਼ ਹੋਈ ਤੇ ਭਵਿੱਖ ਜਾਣਨ ਦੀ ਚਾਹ ਪ੍ਰਗਟ ਕੀਤੀ। ਪਤਾ ਨਹੀਂ ਗੁਰਿੰਦਰ ਨੂੰ ਹੱਥ ਦੇਖਣਾ ਆਉਂਦਾ ਸੀ ਜਾਂ ਨਹੀਂ। ਪਰ ਉਸ ਨੇ ਹੱਥ ਨੂੰ ਗੌਰ ਨਾਲ ਦੇਖਣਾ ਸ਼ੁਰੂ ਕਰ ਦਿੱਤਾ ਤੇ ਬੋਲਿਆ..

ਗੁਰਿੰਦਰ - ਆਹ ਦੇਖ ਤੇਰੀ ਉਮਰ ਵਾਲੀ ਰੇਖਾ ਏ। ਕਿੰਨੀ ਲੰਮੀ ਆ। ਘੱਟੋ-ਘੱਟ ਨੱਬੇ-ਸੌ ਸਾਲ ਜੀਵੇਂਗੀ ਤੂੰ। ਓਹ ਮੁਆਫ਼ ਕਰਨਾ। ਮੈਂ ਤੁਹਾਨੂੰ ਤੂੰ ਆਖ ਸਕਦਾ ਨਾ?

ਸੁੱਖਪ੍ਰੀਤ - ਜੇ ਤੁਸੀਂ ਨਹੀਂ ਕਹਿਣਾ ਤਾਂ ਹੋਰ ਕਿੰਨੇ ਕਹਿਣਾ?

ਗੁਰਿੰਦਰ - ਫਿਰ ਠੀਕ ਆ। ਤੇਰੀ ਕਿਸਮਤ ਵਾਲੀ ਲਕੀਰ ਬਿਲਕੁਲ ਸਿੱਧੀ ਆ। ਬੜੀ ਹੀ ਕਿਸਮਤ ਵਾਲੀ ਲੱਗਦੀ ਤੂੰ।

ਸੁੱਖਪ੍ਰੀਤ - ਹਾਂ ਉਹ ਤੇ ਹੈ ਹੀ। ਮਾਪੇ ਵੀ ਏਨੇ ਵਧੀਆ ਮਿਲੇ ਤੇ ਤੁਸੀਂ ਵੀ। ਹੋਰ ਦੱਸੋ ਤੁਸੀਂ।

ਗੁਰਿੰਦਰ - ਤੇਰਾ ਇੱਕ ਹੀ ਵਿਆਹ ਹੋਣਾ। ਘਰ ਵਾਲੇ ਦਾ ਨਾਂ ਗੁਰਿੰਦਰ ਸਿੰਘ ਆ। ਤੇ ਤੇਰੇ ਅੱਠ ਨਿਆਣੇ ਹੋਣੇ।

ਸੁੱਖਪ੍ਰੀਤ – ਹੋ..ਓ....ਅੱਠ ਨਿਆਣੇ.. ਮਰਨਾ ਮੈਂ।

ਦੋਨੋਂ ਹੱਸਣ ਲੱਗ ਪਏ। ਫਿਰ ਸੁੱਖਪ੍ਰੀਤ ਹੱਥ ਪਿੱਛੇ ਨੂੰ ਖਿੱਚਦੀ ਬੋਲੀ..

ਸੁੱਖਪ੍ਰੀਤ - ਜਾਓ.. ਐਵੇਂ ਗੱਪਾਂ ਮਾਰੀ ਜਾਂਦੇ। ਮੈਂ ਨੀ ਦਿਖਾਉਣਾ ਹੱਥ-ਹੁੱਥ।

ਗੁਰਿੰਦਰ - ਲੈ ਦੱਸ।

ਗੁਰਿੰਦਰ ਉਸ ਵੱਲ ਦੇਖ ਮੁਸਕਰਾਇਆ। ਤੇ ਸੁੱਖਪ੍ਰੀਤ ਨੇ ਰੁੱਸਣ ਦਾ ਨਾਟਕ ਕੀਤਾ। ਕੁਝ ਪਲ ਚੁੱਪ ਛਾਈ। ਫਿਰ ਗੁਰਿੰਦਰ ਬੋਲਿਆ..

ਗੁਰਿੰਦਰ - ਵੈਸੇ ਬਾਪੂ ਜੀ ਤੇਰੇ ਤੇ ਹਜ਼ੂਰ ਸਾਹਿਬ ਗਏ। ਮਗਰੋਂ ਕੰਮ ਕਾਰ ਕੌਣ ਸਾਂਭਦਾ?

ਸੁੱਖਪ੍ਰੀਤ - ਬਾਪੂ ਜੀ ਗਏ ਨੇ। ਆਹ ਜੋ ਸੀਰੀ ਰੱਖੇ ਇਹ ਤਾਂ ਏਥੇ ਹੀ ਆ। ਦੇਖੇ ਤਾਂ ਹੈਗੇ ਤੁਸੀਂ ਕਈ ਵਾਰ ਦੁੱਧ ਲੈਣ ਆਉਣ ਵੇਲੇ।

ਗੁਰਿੰਦਰ - ਅੱਛਾ। ਕਦੋਂ ਵਾਪਿਸ ਆਉਣਾ ਉਹਨਾਂ ਨੇ?

ਸੁੱਖਪ੍ਰੀਤ - ਆ ਜਾਣਾ ਬਸ ਇੱਕ-ਦੋ ਦਿਨ ਤੱਕ, ਅਠਾਰਾਂ ਤਰੀਕ ਦੀ ਵਾਪਸੀ ਦੀ ਟਿਕਟ ਸੀ ਉਹਨਾਂ ਦੀ। ਅੱਜ ਸੋਲਾਂ ਵਾ। ਪਰਸੋਂ ਆ ਜਾਣਾ।

ਗੁਰਿੰਦਰ - ਠੀਕ ਆ। ਮੈਨੂੰ ਲੱਗਦਾ ਮੈਨੂੰ ਜਾਣਾ ਚਾਹੀਦਾ। ਦਿਨ ਚੜਨ ਵਾਲਾ ਹੋ ਗਿਆ। ਤਿੰਨ ਵੱਜ ਗਏ ਨੇ।

ਸੁੱਖਪ੍ਰੀਤ - ਹਾਂ ਠੀਕ ਆ।

ਦੋਨੋਂ ਜਾਣੇ ਉੱਠ ਗਏ। ਤੇ ਚੁਬਾਰੇ ਤੋਂ ਹੇਠਾਂ ਉੱਤਰ ਆਏ। ਸੁੱਖਪ੍ਰੀਤ ਨੇ ਦਰਵਾਜ਼ੇ ਦੀ ਨਿੱਕੀ ਬਾਰੀ ਖੋਲ੍ਹੀ। ਗੁਰਿੰਦਰ ਬਾਹਰ ਨਿਕਲਣ ਲੱਗਾ। ਫਿਰ ਰੁੱਕ ਗਿਆ ਤੇ ਬੋਲਿਆ..

ਗੁਰਿੰਦਰ - ਇੱਕ ਜੱਫੀ ਪਾ ਲਵਾਂ?

ਸੁੱਖਪ੍ਰੀਤ ਬਿਨਾਂ ਕੁਝ ਬੋਲੇ ਗੁਰਿੰਦਰ ਦੇ ਗਲ ਲੱਗ ਗਈ। ਗੁਰਿੰਦਰ ਨੇ ਘੁੱਟ ਕੇ ਉਸ ਨੂੰ ਬਾਹਾਂ ਵਿੱਚ ਭਰ ਲਿਆ। ਕੁਝ ਦੇਰ ਪਿਆਰ ਕੀਤਾ ਫਿਰ ਵੱਖ ਹੋ ਗਏ। ਗੁਰਿੰਦਰ ਘਰ ਤੋਂ ਬਾਹਰ ਹੋ ਗਿਆ ਤੇ ਸੁੱਖਪ੍ਰੀਤ ਬੂਹਾ ਮਾਰ ਚੁੱਪ-ਚਾਪ ਆਪਣੇ ਬਿਸਤਰ ਤੇ ਜਾ ਪਈ। ਗੁਰਿੰਦਰ ਆਪਣੇ ਘਰ ਪਹੁੰਚ ਗਿਆ। ਰਾਤ ਬੀਤ ਗਈ।

ਪ੍ਰੇਮ ਪੱਤਰਾਂ 'ਚ ਗੱਲਬਾਤ ਜਾਰੀ ਰਹੀ। ਉਹ ਅਗਲੇ ਦੋ ਦਿਨ ਪਹਿਲਾਂ ਵਾਂਗ ਮਿਲੇ। ਸੁੱਖਪ੍ਰੀਤ ਦਾ ਬਾਪੂ ਵਾਪਿਸ ਆ ਗਿਆ। ਗੁਰਿੰਦਰ ਨਾਲ ਮੁਲਾਕਾਤ ਹੋਣ ਲੱਗੀ। ਸਰਪੰਚ ਨੇ ਰਾਮ ਸਿੰਘ ਬਾਰੇ ਗੁਰਿੰਦਰ ਤੋਂ ਪੁੱਛਿਆ ਤੇ ਉਸਦਾ ਨਾਂ ਵੀ ਪੁੱਛਿਆ। ਗੁਰਿੰਦਰ

ਨੇ ਸਭ ਦੱਸਿਆ। ਹੁਣ ਦੁੱਧ ਪਾਉਣ ਵੇਲੇ ਪਹਿਲਾਂ ਨਾਲੋਂ ਸੁੱਖਪ੍ਰੀਤ ਤੇ ਉਸਦੀ ਗੱਲਬਾਤ ਘੱਟ ਹੁੰਦੀ ਸੀ। ਬਸ ਉਹ ਚਿੱਠੀਆਂ ਅਦਲਾ-ਬਦਲੀ ਕਰਨ ਵਿੱਚ ਸਫਲ ਹੋ ਜਾਂਦੇ ਸਨ। ਦਿਨ ਗੁਜ਼ਰਦੇ ਗਏ ਤੇ ਉਹਨਾਂ ਦਾ ਪਿਆਰ ਵੱਧਦਾ ਗਿਆ। ਗੁਰਿੰਦਰ ਕਿਸੇ ਨਾ ਕਿਸੇ ਬਹਾਨੇ ਘਰ ਆ ਜਾਂਦਾ। ਸਰਪੰਚ ਨੇ ਕਦੇ ਸ਼ੱਕ ਨਾ ਕੀਤਾ। ਉਸਨੂੰ ਆਪਣੀ ਧੀ ਤੇ ਯਕੀਨ ਸੀ। ਉਸਨੂੰ ਮਾਣ ਸੀ ਕਿ ਕੋਈ ਉਸਦੀਆਂ ਧੀਆਂ ਵੱਲ ਅੱਖ ਪੁੱਟ ਕੇ ਨਹੀਂ ਦੇਖ ਸਕਦਾ। ਪਰ ਉਹ ਅਨਜਾਣ ਵੀ ਸੀ ਇਸ ਸਭ ਤੋਂ। ਉਸਨੂੰ ਕਈ ਵਾਰ ਕੁਝ ਲੱਗਣਾ ਤਾਂ ਜਰੂਰ ਪਰ ਉਸਨੇ ਆਪਣਾ ਵਹਿਮ ਸਮਝ ਗੱਲ ਛੱਡ ਦੇਣੀ।

ਇੱਕ ਦਿਨ ਸਰਪੰਚ ਨੂੰ ਆਪਣੀ ਜ਼ਮੀਨ ਦੇ ਕੁਝ ਕਾਗ਼ਜ ਲੱਭਣ ਵਿੱਚ ਕਾਫ਼ੀ ਮੁਸ਼ਕਿਲ ਹੋ ਰਹੀ ਸੀ। ਉਸ ਨੇ ਸਾਰਾ ਘਰ ਫੋਲ ਮਾਰਿਆ। ਸਾਰੇ ਘਰ ਦੇ ਜੀਅ ਕਾਗ਼ਜ ਲੱਭ ਰਹੇ ਸਨ ਪਰ ਕਿਸੇ ਨੂੰ ਨਾ ਮਿਲੇ। ਫਿਰ ਅਚਾਨਕ ਉਸਦੇ ਹੱਥ ਗੁਰਿੰਦਰ ਦੇ ਭੇਜੇ ਪ੍ਰੇਮ ਪੱਤਰ ਲੱਗ ਗਏ। ਬਾਕੀ ਪੱਤਰਾਂ ਵਿੱਚ ਤਾਂ ਗੁਰਿੰਦਰ ਦਾ ਨਾਮ ਨਹੀਂ ਸੀ ਪਰ। ਉਸਦੇ ਪਹਿਲੇ ਪੱਤਰ ਵਿੱਚ ਉਸਦਾ ਨਾਂ ਸੀ। ਜਿਸ ਤੋਂ ਸਰਪੰਚ ਅਜੀਤ ਸਿੰਘ ਨੂੰ ਗੁਰਿੰਦਰ ਤੇ ਆਪਣੀ ਧੀ ਦੇ ਚੱਲ ਰਹੇ ਇਸ਼ਕ ਬਾਰੇ ਸਭ ਪਤਾ ਲੱਗ ਗਿਆ। ਸਰਪੰਚ ਨੂੰ ਬਹੁਤ ਦੁੱਖ


www.PunjabiLibrary.com

ਹੋਇਆ ਇਹ ਜਾਣਕੇ ਕਿ ਉਸਦਾ ਵਿਸ਼ਵਾਸ ਤੋੜ ਦਿੱਤਾ ਉਸਦੀ ਧੀ ਨੇ। ਉਸਨੇ ਸਾਰੇ ਪ੍ਰੇਮ ਪੱਤਰ ਲੁਕਾ ਲਏ ਤੇ ਆਪਣੀ ਧੀ ਨਾਲ ਇਸ ਬਾਰੇ ਜ਼ਿਕਰ ਨਾ ਕੀਤਾ। ਕੁਝ ਦੇਰ ਪਿੱਛੋਂ ਜ਼ਮੀਨ ਦੇ ਕਾਗ਼ਜ ਵੀ ਲੱਭ ਗਏ। ਸਰਪੰਚ ਦੋ-ਚਾਰ ਦਿਨ ਸੋਚਦਾ ਰਿਹਾ ਕਿ ਉਹ ਕੀ ਕਰੇ। ਆਪਣੀ ਧੀ ਨਾਲ ਗੱਲ ਕਰੇ। ਉਸਨੂੰ ਝਿੜਕੇ, ਸਮਝਾਵੇ ਜਾਂ ਫਿਰ ਉਸਦਾ ਵਿਆਹ ਕਰ ਦੇਵੇ। ਕੁਝ ਦਿਨ ਉਹ ਬਹੁਤ ਪ੍ਰੇਸ਼ਾਨ ਰਿਹਾ। ਫਿਰ ਇੱਕ ਦਿਨ ਉਹ ਘਰੋਂ ਨਿਕਲਿਆ ਤੇ ਆਪਣੇ ਇਲਾਕੇ ਦੇ ਠਾਣੇ ਵਿੱਚ ਜਾ ਠਾਣੇਦਾਰ ਨੂੰ ਮਿਲਿਆ। ਉਸਨੂੰ ਕੁਝ ਪੈਸੇ ਦਿੱਤੇ ਤੇ ਅੱਗੇ ਹੋਣ ਵਾਲੇ ਕਿਸੇ ਵੀ ਮਸਲੇ ਤੇ ਜਾਂਚ ਪੜਤਾਲ ਜਾਂ ਪਰਚਾ ਕਰਨ ਤੋਂ ਰੋਕ ਦਿੱਤਾ। ਅਜੀਤ ਸਿੰਘ ਐਸਾ ਸਰਪੰਚ ਸੀ ਜਿਸਦੀ ਕਾਫੀ ਦੂਰ ਤੱਕ ਪਹੁੰਚ ਸੀ। ਬਿਨਾਂ ਰਿਸ਼ਵਤ ਦਿੱਤੇ ਵੀ ਉਸਦੇ ਕਈ ਕੰਮ ਹੁੰਦੇ ਸਨ। ਪਰ ਇਸ ਵਾਰ ਉਹ ਅਜਿਹਾ ਕੰਮ ਕਰਨ ਜਾ ਰਿਹਾ ਸੀ। ਜਿਸ ਦਾ ਉਹ ਕੋਈ ਨਾਮੋਂ ਨਿਸ਼ਾਨ ਨਹੀਂ ਸੀ ਰਹਿਣ ਦੇਣਾ ਚਾਹੁੰਦਾ। ਠਾਣੇਦਾਰ ਨਾਲ ਗੱਲ ਕਰ ਉਹ ਘਰ ਵਾਪਿਸ ਆ ਗਿਆ।

ਦਿਨ ਬੜਾ ਔਖਾ ਲੰਘਾਇਆ। ਰਾਤ ਪੈ ਗਈ। ਬਾਕੀ ਸਾਰੇ ਟੱਬਰ ਨੇ ਰੋਟੀ ਪਾਣੀ ਖਾਧਾ ਪਰ ਉਸਨੇ ਨਾ ਖਾਧਾ। ਕਰੀਬ ਦਸ

ਵੱਜੇ ਤਾਂ ਉਸਨੇ ਆਪਣੀਆਂ ਤਿੰਨੇ ਕੁੜੀਆਂ ਨੂੰ ਇੱਕ ਕਮਰੇ ਵਿੱਚ ਆਵਾਜ਼ ਮਾਰੀ। ਦੂਜੀਆਂ ਦੋਵੇਂ ਕੁੜੀਆਂ ਸੁੱਖਪ੍ਰੀਤ ਤੋਂ ਇੱਕ-ਇੱਕ ਸਾਲ ਨਿੱਕੀਆਂ ਸਨ। ਸੁੱਖਪ੍ਰੀਤ ਸਾਰਿਆਂ ਤੋਂ ਵੱਡੀ ਸੀ। ਤਿੰਨੇ ਕੁੜੀਆਂ ਅੰਦਰ ਆ ਗਈਆਂ। ਸਰਪੰਚ ਨੇ ਕੁੰਡੀ ਮਾਰਨ ਨੂੰ ਕਿਹਾ। ਇੱਕ ਨੇ ਕੁੰਡੀ ਮਾਰ ਦਿੱਤੀ। ਉਹ ਬਿਲਕੁਲ ਵੀ ਡਰਦੀਆਂ ਨਹੀਂ ਸਨ ਕਿਉਂਕਿ ਸਰਪੰਚ ਨੇ ਅਜੇ ਤੱਕ ਕਦੇ ਵੀ ਆਪਣੀਆਂ ਕੁੜੀਆਂ ਨੂੰ ਝਿੜਕਿਆ ਤੱਕ ਨਹੀਂ ਸੀ। ਉਹ ਕੋਲ ਆ ਬੈਠ ਗਈਆਂ। ਸਰਪੰਚ ਬੋਲਿਆ..

ਸਰਪੰਚ - ਦੇਖੋ ਧੀਓ.. ਮੇਰੀ ਗੱਲ ਸੁਣੋ। ਮੈਂ ਜੋ ਕਰਨ ਲੱਗਾ। ਉਹ ਤੁਹਾਨੂੰ ਸਮਝਾਉਣ ਲਈ ਆ। ਮੈਂ ਕਰਨਾ ਨਹੀਂ ਚਾਹੁੰਦਾ ਪਰ ਜੇ ਨਾ ਕੀਤਾ। ਮੈਨੂੰ ਪਤਾ ਕੰਮ ਖਰਾਬ ਹੋ ਜਾਣਾ। ਮੇਰੀ ਗੱਲ ਸੁਣੋ। ਤੁਸੀਂ ਕੋਈ ਵੀ ਨਾ ਚੀਕਾਂ ਮਾਰਿਓ ਨਾ ਰੌਲਾ ਪਾਇਓ। ਜਿੰਨੇ ਵੀ ਚੀਕ ਮਾਰੀ ਉਸ ਨਾਲ ਵੀ ਏਦਾਂ ਕਰੂ ਨਹੀਂ ਤੇ। ਬਸ ਚੁੱਪ ਕਰ ਕੇ ਦੇਖਿਓ।

ਕੁੜੀਆਂ ਚੁੱਪ ਖੜੀਆਂ ਸਨ। ਸਮਝ ਨਹੀਂ ਸੀ ਆ ਰਿਹਾ ਕਿ ਅੱਜ ਬਾਪੂ ਜੀ ਕਿਹੋ ਜਿਹੀਆਂ ਗੱਲਾਂ ਕਰ ਰਹੇ ਅਨ। ਕਿਸੇ ਨੇ ਕੋਈ ਹੁੰਗਾਰਾ ਨਾ ਭਰਿਆ। ਅੱਜ ਉਸਨੇ ਸ਼ਰਾਬ ਪੀਤੀ ਲੱਗਦੀ ਸੀ।

ਉਹਨਾਂ ਦੀ ਮਾਂ ਗੁਜ਼ਰਨ ਤੋਂ ਬਾਅਦ ਉਸਨੇ ਕਦੇ ਨਹੀਂ ਸੀ ਪੀਤੀ। ਸਰਪੰਚ ਆਪਣੀ ਜਗ੍ਹਾ ਤੋਂ ਉੱਠਿਆ ਤੇ ਸੁੱਖਪ੍ਰੀਤ ਵੱਲ ਵਧਿਆ। ਉਹ ਬੈਠੀ ਹੋਈ ਸੀ। ਸਰਪੰਚ ਨੇ ਪਹਿਲਾਂ ਬੜੇ ਪਿਆਰ ਨਾ ਸਿਰ ਤੇ ਹੱਥ ਫੇਰਿਆ ਤੇ ਖੁਦ ਤੇ ਥੋੜਾ ਨਿਰਾਸ਼ ਜਿਹਾ ਹੋਇਆ। ਧੀ ਦਾ ਮੱਥਾ ਚੁੰਮਿਆ। ਤੇ ਅਚਾਨਕ ਹੀ ਲੱਕ ਸੇ ਪਿੱਛੇ ਲਕੋਏ ਦਾਤਰ ਨੂੰ ਕੱਢਿਆ ਤੇ ਬੜੇ ਜ਼ੋਰ ਉਸਦੇ ਸਿਰ ਵਿੱਚ ਮਾਰ ਦਿੱਤਾ। ਦਾਤਰ ਵੱਜਦਿਆਂ ਉਹ ਬੇਦਲ ਹੋ ਡਿੱਗ ਪਈ। ਉਸਦੇ ਦਾਤਰ ਵੱਜਾ ਦੇਖ ਬਾਕੀ ਦੋਨੋਂ ਕੁੜੀਆਂ ਚੀਕਾਂ ਮਾਰਨ ਲੱਗੀਆਂ। ਪਰ ਸਰਪੰਚ ਨੇ ਗੁੱਸੇ ਵਿੱਚ ਉਹਨਾਂ ਵੱਲ ਦੇਖਿਆ ਤਾਂ ਉਹਨਾਂ ਮੂੰਹ ਘੁੱਟ ਲਏ। ਪਰ ਆਪਣੇ ਅੱਥਰੂ ਨਾ ਰੋਕ ਸਕੀਆਂ। ਉਹ ਸਮਝ ਚੁੱਕੀਆਂ ਸਨ ਕਿ ਬਾਪੂ ਨੂੰ ਗੁਰਿੰਦਰ ਤੇ ਸੁੱਖਪ੍ਰੀਤ ਦੇ ਇਸ਼ਕ ਬਾਰੇ ਜਰੂਰ ਪਤਾ ਲੱਗ ਗਿਆ ਹੋਣਾ। ਤਦੇ ਉਹਨਾਂ ਦੇ ਪਿਉ ਨੇ ਇਹ ਕਦਮ ਚੁੱਕਿਆ। ਪਰ ਉਹ ਹੈਰਾਨ ਸਨ ਕਿ ਸਰਪੰਚ ਨਿਰਦਈ ਹੋ ਚੁੱਕਾ ਸੀ। ਉਮਰ ਭਰ ਦਾ ਪਿਆਰ ਨਫ਼ਰਤ ਵਿੱਚ ਬਦਲ ਗਿਆ। ਉਸ ਨੇ ਗੁੱਸੇ ਵਿੱਚ ਆ ਸੁੱਖਪ੍ਰੀਤ ਦੇ ਟੋਟੇ-ਟੋਟੇ ਕਰ ਦਿੱਤੇ। ਦੂਜੀਆਂ ਕੁੜੀਆਂ ਬਸ ਦੇਖ ਰਹੀਆਂ ਸਨ। ਉਹਨਾਂ ਅਜਿਹਾ ਆਪਣੇ ਪਿਓ ਦਾ ਰੂਪ ਪਹਿਲਾਂ ਕਦੇ ਨਹੀਂ ਸੀ ਦੇਖਿਆ। ਉਸਨੇ ਉੱਥੇ ਵਿਛੇ ਬਿਸਤਰੇ ਦੀ ਚਾਦਰ

ਵਿੱਚ ਸਾਰੇ ਟੋਟੇ ਇਕੱਠੇ ਕੀਤੇ ਤੇ ਪੰਡ ਬੰਨ ਗੱਡੀ ਵਿੱਚ ਰੱਖ ਪਿੰਡ ਦੇ ਕੋਲ ਵਗਦੇ ਦਰਿਆ ਵਾਲੇ ਮੰਡ ਨੂੰ ਹੋ ਤੁਰਿਆ। ਪਿੱਛੋਂ ਕੁੜੀਆਂ ਰੋ ਰਹੀਆਂ ਸਨ। ਉਹ ਭੱਜ ਆਪਣੀ ਦਾਦੀ ਕੋਲ ਗਈਆਂ। ਉਹ ਕੁਝ ਦੇਰ ਵਿੱਚ ਹੀ ਦਰਿਆ ਤੇ ਪਹੁੰਚ ਗਿਆ। ਗੱਡੀ ਰੋਕੀ ਤੇ ਪੰਡ ਨੂੰ ਗੱਡੀ 'ਚੋਂ ਲਾਹ ਇੱਕ-ਇੱਕ ਟੁੱਕੜਾ ਕਰ ਦਰਿਆ ਵਿੱਚ ਸੁੱਟਦਾ ਗਿਆ। ਅੱਜ ਉਸਦਾ ਹਿਰਦਾ ਕਠੋਰ ਜਾਪ ਰਿਹਾ ਸੀ। ਇੱਕ ਬਾਪ ਦਾ ਏਨਾ ਕਠੋਰ ਹਿਰਦਾ ਕਿ ਆਪਣੀ ਔਲਾਦ ਨੂੰ ਇਹੋ ਜਿਹੀ ਮੌਤ ਦੇਣੀ। ਸਾਰੇ ਟੋਟਿਆਂ ਨੂੰ ਦਰਿਆ ਵਿੱਚ ਸੁੱਟ ਉਹ ਘਰ ਵਾਪਿਸ ਆ ਗਿਆ ਤੇ ਜਿੱਥੇ ਕੁੜੀ ਨੂੰ ਵੱਢਿਆ ਸੀ। ਕਮਰੇ ਦੀ ਸਫਾਈ ਕਰਨ ਲੱਗਾ। ਉਸ ਨੂੰ ਕਰੀਬ ਚਾਰ ਵੱਜ ਗਏ। ਦੋਵੇਂ ਕੁੜੀਆਂ ਅਜੇ ਵੀ ਰੋ ਰਹੀਆਂ ਸਨ। ਸਰਪੰਚ ਨੇ ਸਾਰੇ ਘਰ ਦੀ ਖੁਦ ਸਫਾਈ ਕੀਤੀ ਫਿਰ ਨਹਾ ਧੋ ਚੁੱਪ ਹੋ ਲੰਮੇ ਪੈ ਗਿਆ।

ਦਿਨ ਚੜ ਆਇਆ। ਕੁੜੀਆਂ ਦਾ ਰੋਣਾ ਬੰਦ ਹੋ ਗਿਆ। ਇੰਝ ਜਾਪਦਾ ਸੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਕਾਫੀ ਦਿਨ ਲੰਘ ਗਏ ਪਰ ਨਾ ਗੁਰਿੰਦਰ ਦੁੱਧ ਪਵਾਉਣ ਆਇਆ ਤੇ ਨਾ ਉਸਦਾ ਪਿਉ। ਫਿਰ ਹੋਰ ਕਈ ਦਿਨ ਲੰਘ ਗਏ। ਪਰ ਕੋਈ ਨਾ ਆਇਆ। ਕਰੀਬ ਪੰਦਰਾਂ ਦਿਨ ਬਾਅਦ ਰਾਮ ਸਿੰਘ ਦੁੱਧ ਪਵਾਉਣ ਆਇਆ ਤਾਂ


www.PunjabiLibrary.com

ਸਰਪੰਚ ਨੇ ਪੁੱਛਿਆ ਕਿ ਏਨੇ ਦਿਨ ਕਿਉਂ ਨਹੀਂ ਆਏ। ਰਾਮ ਸਿੰਘ ਨੇ ਦੱਸਿਆ ਕਿ ਕਰੀਬ ਪੰਦਰਾਂ ਦਿਨਾਂ ਤੋਂ ਉਸਦਾ ਪੁੱਤ ਲਾ-ਪਤਾ ਹੈ। ਕਿਤੋਂ ਕੋਈ ਖਬਰ ਨਹੀਂ ਮਿਲ ਰਹੀ। ਸਰਪੰਚ ਨੇ ਦੁੱਖ ਪ੍ਰਗਟ ਕੀਤਾ ਤੇ ਹੌਂਸਲਾ ਦਿੱਤਾ ਕਿ ਉਹ ਮੁੜ ਆਵੇਗੇ। ਰਾਮ ਸਿੰਘ ਨੇ ਦੁੱਧ ਪਵਾਇਆ ਤੇ ਚਲਾ ਗਿਆ। ਫਿਰ ਲੰਮਾ ਵਕਤ ਗੁਜ਼ਰ ਗਿਆ ਪਰ ਗੁਰਿੰਦਰ ਘਰ ਨਾ ਮੁੜਿਆ। ਸਰਪੰਚ ਦੀ ਕੁੜੀ ਬਾਰੇ ਕਿਸੇ ਨੂੰ ਕੰਨੋ-ਕੰਨੀ ਖਬਰ ਨਾ ਹੋਈ। ਕੁਝ ਮਹੀਨਿਆਂ ਵਿੱਚ ਹੀ ਉਸਨੇ ਆਪਣੀ ਦੋਵੇਂ ਕੁੜੀਆਂ ਵਿਦੇਸ਼ ਭੇਜ ਦਿੱਤੀਆਂ ਤੇ ਲੋਕਾਂ ਨੂੰ ਲੱਗਿਆ ਕਿ ਉਸਦੀਆਂ ਤਿੰਨੇ ਕੁੜੀਆਂ ਵਿਦੇਸ਼ ਚਲੀਆਂ ਗਈਆਂ ਨੇ। ਪਰ ਇਸ ਗੱਲ ਦੀ ਖਬਰ ਲੰਮੇ ਸਮੇਂ ਪਿੱਛੋਂ ਲੱਗੀ।

ਕਿਸੇ ਦੇ ਚੁੱਕੇ ਕਦਮ ਕਿਸੇ ਨੂੰ ਗ਼ਲਤ ਲੱਗਦੇ ਹਨ ਤੇ ਕਿਸੇ ਨੂੰ ਠੀਕ। ਜਿਵੇਂ ਅਸੀਂ ਕਿਸੇ ਨੂੰ ਪਿਆਰ ਕਰਾਂਗੇ ਤਾਂ ਸਾਨੂੰ ਠੀਕ ਲੱਗੇਗਾ। ਪਰ ਉਸਦੇ ਘਰਦਿਆਂ ਨੂੰ ਇਹ ਉਹਨਾਂ ਦੀ ਇੱਜ਼ਤ ਨਾਲ ਖਿਲਵਾੜ ਹੁੰਦਾ ਦਿਖਾਈ ਦੇਵੇਗਾ। ਓਵੇਂ ਹੀ ਸੁੱਖਪ੍ਰੀਤ ਦਾ ਗੁਰਿੰਦਰ ਨੂੰ ਪਿਆਰ ਕਰਨਾ ਜਾਇਜ਼ ਲੱਗਦਾ ਸੀ ਪਰ ਉਸਦੇ ਪਿਉ ਨੂੰ ਇਹ ਠੀਕ ਨਹੀਂ ਲੱਗਾ। ਤੇ ਉਸਨੇ ਆਪਣੀ ਧੀ ਨੂੰ ਦੂਜੀਆਂ ਧੀਆਂ ਸਾਹਮਣੇ ਮਾਰਿਆ ਕਿ ਉਸਦੀਆਂ ਦੂਜੀਆਂ ਧੀਆਂ ਇਸ਼ਕ ਦੇ ਰਾਹ

ਵੱਲ ਨਾ ਜਾਣ। ਸਰਪੰਚ ਦੇ ਨਜ਼ਰੀਏ ਤੋਂ ਇਹ ਉਸਨੇ ਸਹੀ ਕੀਤਾ। ਪਰ ਦੁਨੀਆਂ ਤੇ ਇਨਸਾਨੀਅਤ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਇਹ ਬਹੁਤ ਵੱਡਾ ਅਪਰਾਧ ਹੈ। ਨਜ਼ਰੀਏ-ਨਜ਼ਰੀਏ ਦਾ ਫਰਕ ਹੈ। ਗੱਲ ਪਿਆਰ ਦੀ ਕਰੀਏ ਤਾਂ ਸੁੱਖਪ੍ਰੀਤ ਤੇ ਗੁਰਿੰਦਰ ਨੇ ਕੋਈ ਐਸਾ ਅਪਰਾਧ ਵੀ ਨਹੀਂ ਸੀ ਕੀਤਾ ਜੋ ਉਹਨਾਂ ਨੂੰ ਇਹ ਸਜਾ ਮਿਲੀ। ਸਰਪੰਚ ਦੇ ਵੱਡੇ ਅਪਰਾਧ ਤੋਂ ਵੱਡਾ ਅਪਰਾਧ ਤਾਂ ਨਹੀਂ ਸੀ ਉਹਨਾਂ ਦਾ। ਮੁਮਕਿਨ ਹੈ ਗੁਰਿੰਦਰ ਨੂੰ ਵੀ ਕਿਸੇ ਤਰੀਕੇ ਨਾਲ ਮਾਰਿਆ ਹੋਵੇਗਾ ਜੋ ਉਹ ਫਿਰ ਕਦੇ ਨਹੀਂ ਮਿਲਿਆ। ਪਰ ਇਹ ਕਿਸ ਹੱਦ ਤੱਕ ਠੀਕ ਹੈ ਜਾਂ ਗ਼ਲਤ ਹੈ, ਅਸੀਂ ਬਾਖ਼ੂਬੀ ਜਾਣਦੇ ਹਾਂ ਤੇ ਸਮਝਦੇ ਹਾਂ। ਹੁਣ ਨਿਰਭਰ ਸਾਡੇ ਤੇ ਕਰਦਾ ਹੈ ਅਸੀਂ ਕਿਸ ਨਜ਼ਰੀਏ ਨਾਲ ਇਸਨੂੰ ਆਪਣੀ ਜਿੰਦਗੀ ਵਿੱਚ ਦੇਖਦੇ ਹਾਂ।

ਇਹ ਕਹਾਣੀ ਇੱਕ ਸੱਚੀ ਘਟਨਾ ਤੇ ਅਧਾਰਿਤ ਹੈ। ਇਹ ਕਰੀਬ ਤੀਹ-ਬੱਤੀ ਸਾਲ ਪੁਰਾਣੀ ਘਟਨਾ ਹੋਵੇਗੀ। ਇਸ ਬਾਰੇ ਮੈਨੂੰ ਮੇਰੇ ਮਾਤਾ ਜੀ ਨੇ ਕੁਝ ਦਿਨ ਪਹਿਲਾਂ ਹੀ ਦੱਸਿਆ। ਤੇ ਉਹਨਾਂ ਨੂੰ ਮੇਰੀ ਦਾਦੀ ਨੇ ਦੱਸਿਆ ਸੀ। ਜੋ ਹੁਣ ਇਸ ਦੁਨੀਆਂ ਵਿੱਚ ਨਹੀਂ ਹਨ। ਮੇਰੀ ਕੋਸ਼ਿਸ਼ ਹੁੰਦੀ ਹੈ ਕਿ ਸੱਚੀਆਂ ਘਟਨਾਵਾਂ ਨਾਲ ਮਿਲਦੀਆ- ਜੁਲਦੀਆਂ ਕਹਾਣੀਆਂ ਹੀ ਲਿਖਾਂ ਤਾਂ ਜੋ ਦੁਨੀਆਂ ਦੇ

ਅਸਲ ਰੂਪ ਨੂੰ ਪੇਸ਼ ਕਰ ਸਕਾ। ਇਸ ਕਹਾਣੀ ਵਿਚਲੇ ਨਾਮ ਕਾਲਪਨਿਕ ਨੇ। ਪਰ ਕਹਾਣੀ ਕਾਲਪਨਿਕ ਨਹੀਂ। ਹਾਂ ਕੁਝ ਗੱਲਾਂ, ਸ਼ਬਦ ਮੈਂ ਆਪਣੀ ਭਾਸ਼ਾ ਅਨੁਸਾਰ ਲਿਖੇ ਹਨ ਤਾਂ ਜੋ ਇਸ ਨੂੰ ਕਹਾਣੀ ਦਾ ਰੂਪ ਦੇ ਸਕਾ। ਪਰ ਇਸ ਵਿੱਚਲੀ ਸੱਚਾਈ ਸੌ ਪ੍ਰਤੀਸ਼ਤ ਸੱਚ ਹੈ। ਮੈਂ ਪਹਿਲਾਂ ਵੀ ਕਈ ਵਾਰ ਲਿਖ ਚੁਕਾਂ ਹਾਂ ਕਿ ਕਹਾਣੀਆਂ ਸਿਰਫ ਕਹਾਣੀਆਂ ਨਹੀਂ ਹੁੰਦੀਆਂ ਉਸ ਕਿਸੇ ਨਾ ਕਿਸੇ ਰੂਪ ਵਿੱਚ ਸੱਚ ਦਾ ਅਕਸ਼ ਹੁੰਦੀਆਂ ਹਨ। ਮੈਂ ਉਮੀਦ ਕਰਦਾ ਹਾਂ ਕਿ ਜੋ ਵੀ ਇਸਨੂੰ ਪੜ੍ਹਨਗੇ ਉਹਨਾਂ ਨੂੰ ਇਸ ਘਟਨਾ ਦਾ ਕੁਝ ਦੁੱਖ ਜਰੂਰ ਹੋਵੇਗਾ ਜਿਵੇਂ ਮੈਨੂੰ ਹੋਇਆ। ਤੇ ਜ਼ਾਹਿਰ ਹੈ ਇਸ ਤੋਂ ਜਰੂਰ ਕੁਝ ਨਾ ਕੁਝ ਸਿੱਖ ਆਪਣੀ ਜਿੰਦਗੀ ਬਾਰੇ ਸੋਚਣਗੇ ਕਿ ਕੀ ਅਸੀਂ ਤਾਂ ਏਦਾਂ ਨਹੀਂ ਕਰ ਰਹੇ ਕਿ ਆਪਣੀਆਂ ਗ਼ਲਤੀਆਂ ਸਾਨੂੰ ਠੀਕ ਲੱਗ ਰਹੀਆਂ ਨੇ ਤੇ ਦੂਜਿਆਂ ਦੀਆਂ ਅਪਰਾਧ। ਧੰਨਵਾਦ।

**ਪ੍ਰੀਤ ਸਿੰਘ ਭੈਣੀ**

**+91 9779324826**

**(ਇਸ ਕਹਾਣੀ ਤੇ ਆਪਣੇ ਵਿਚਾਰ ਪੇਸ਼ ਕਰਨ ਲਈ ਜਾਂ ਮੇਰੀਆਂ ਹੋਰ ਰਚਨਾਵਾਂ ਪੜ੍ਹਨ ਲਈ ਆਪ ਫੋਨ ਜਾਂ**



www.PunjabiLibrary.com

ਵੱਟਸਐੱਪ ਕਰ ਸਕਦੇ ਹੋ। ਹੇਠਾਂ ਮੇਰੀਆਂ ਕੁਝ ਰਚਨਾਵਾਂ ਦੀ ਸੂਚੀ ਹੈ।

## ਕਹਾਣੀਆਂ:-

1. ਉੱਲੂ
2. ਖ਼ੂਨੀ ਕਮੀਜ਼ (ਭਾਗ ਤਿੰਨ)
3. ਨੀਲਮ
4. ਪ੍ਰੇਮ ਵਿਆਹ
5. ਬਲਬ (ਭਾਗ ਤਿੰਨ)
6. ਰੂਹੀ ਪੀੜਾਂ (ਭਾਗ ਦੋ)
7. ਅੰਤਿਮ ਸ੍ਰੇਣੀ
8. ਰੱਖੜੀ
9. ਇੱਕ ਤਰਫ਼ਾ ਪਿਆਰ
10. ਜਨਮਦਿਨ
11. ਸਾਂਵਲੀ ਕੁੜੀ
12. ਮੁੱਲ 12 ਹਜਾਰ (ਭਾਗ ਤਿੰਨ)
13. ਕਾਲਾ ਗੁਲਾਬ

14. ਮੁਖਤਿਆਰ ਕੌਰ
15. ਚੰਦਨ ਕਾ ਬਿਰਵਾ
16. ਦੂਧੀਆ ਸਰੀਰ ਕਾਲੀਆਂ ਝਰੀਟਾਂ
17. ਲੰਗੂਰ ਹੱਥ ਅੰਗੂਰ


Instagram

@preet_di_shayari

E-mail

preetdishayari@gmail.com


## ਕਿਤਾਬਾਂ:-

1. ਅੱਲ੍ਹਾ ਮੈਨੂੰ ਮਿਲਣ ਨਹੀਂ ਆਉਂਦਾ (ਲੇਖਕ- ਪ੍ਰੀਤ, ਗਗਨ, ਸੁਮਨ)
2. ਰੱਬ ਤੋਂ ਪਹਿਲਾਂ (ਲੇਖਕ- ਦੀਪ ਗਗਨ)


**To read all books of**
**Preet Singh Bhaini click below link**
**https://punjabilibrary.com/authors/preet-singh-bhaini/**